ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

The South Asian

# INSIDER







**Youtube, Facbook, Twiter, Instagramme, Linkedin, Tiktok**

ਅੱਜ ਦਾ ਜ਼ਮਾਨਾ ਸੋਸ਼ਲ ਮੀਡੀਆ ਦਾ ਜ਼ਮਾਨਾ ਹੈ
ਤੇ ਤੁਸੀਂ ਵੀ ਸਾਡੇ ਰਾਹੀਂ ਆਪਣੇ
ਕਾਰੋਬਾਰ ਨੂੰ ਵਧਾਉਣ ਲਈ ਅੱਜ ਹੀ ਸਾਡੇ ਨਾਲ ਸੰਪਰਕ ਕਰੋ

**ਅਮਰੀਕਾ ਤੋਂ ਪ੍ਰਕਾਸ਼ਿਤ ਹੋ ਰਹੇ**

**ਪੰਜਾਬੀ ਦੁਨੀਆ ਅਖ਼ਬਾਰ**

**ਵਿਚ ਆਪਣੀ ਛਪਣਯੋਗ ਸਮੱਗਰੀ ਹੇਠ ਲਿਖੇ ਈਮੇਲ ਪਤੇ ਤੇ ਭੇਜੋ। ਸਮੱਗਰੀ ਪੰਜਾਬੀ ਦੇ ਕਿਸੇ ਵੀ ਫੌਂਟ ਵਿਚ ਤੁਸੀਂ ਭੇਜ ਸਕਦੇ ਹੋ**

punjabiduniya@gmail.com,
/www.thesouthasianinsider.com/punjabi-duniya

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 19 Issue 25 | Friday 20 Sep-26 Sep, 2024 | Published Weekly from New York | www.PUNJABIDUNIYAMEDIA.com






# ਅਮਰੀਕਾ: ਟਰੰਪ ਨੂੰ ਮਾਰਨ ਦੀ ਦੂਜੀ ਵਾਰ ਹੋਈ ਕੋਸ਼ਿਸ਼

ਵਾਸ਼ਿੰਗਟਨ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਹੱਤਿਆ ਦੀ ਫਲੋਰੀਡਾ ਦੇ ਵੈਸਟ ਪਾਮ ਬੀਚ ’ਤੇ ਉਸ ਸਮੇਂ ਕੋਸ਼ਿਸ਼ ਕੀਤੀ ਗਈ, ਜਦੋਂ ਉਹ ਆਪਣੇ ਗੌਲ਼ਫ ਕਲੱਬ ’ਚ ਖੇਡ ਰਹੇ ਸਨ। ਫੈਡਰਲ ਜਾਂਚ ਬਿਊਰੋ ਦੇ ਅਧਿਕਾਰੀਆਂ ਨੇ ਇਸ ਨੂੰ ਨਾਕਾਮ ਬਣਾ ਦਿੱਤਾ ਅਤੇ ਮਸ਼ਕੂਕ ਨੂੰ ਹਿਰਾਸਤ ’ਚ ਲੈ ਲਿਆ, ਜਿਸ ਦੀ ਪਛਾਣ ਰਿਆਨ ਵੈਸਲੇ ਰਾਊਥ ਵਜੋਂ ਹੋਈ ਹੈ। ਅਧਿਕਾਰੀਆਂ ਮੁਤਾਬਕ ਟਰੰਪ ਸੁਰੱਖਿਅਤ ਹਨ। ਇਸ ਘਟਨਾ ਤੋਂ ਸਿਰਫ਼ ਨੌਂ ਹਫ਼ਤੇ ਪਹਿਲਾਂ ਬੰਦੂਕਧਾਰੀ ਨੇ ਪੈਨਸਿਲਵੇਨੀਆ ’ਚ 13 ਜੁਲਾਈ ਨੂੰ ਚੋਣ ਰੈਲੀ ਦੌਰਾਨ ਟਰੰਪ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਈਆਂ ਸਨ। ਇਸ ਹਮਲੇ ’ਚ ਇਕ ਗੋਲੀ ਟਰੰਪ ਦੇ ਸੱਜੇ ਕੰਨ ਨੂੰ ਛੂਹ ਕੇ ਨਿਕਲ ਗਈ ਸੀ। ਮਿਆਮੀ ’ਚ ਵਿਸ਼ੇਸ਼ ਏਜੰਟ ਇੰਚਾਰਜ ਰਾਫ਼ੇਲ ਬੈਰੋਸ ਨੇ ਨਿਊਜ਼ ਕਾਨਫਰੰਸ ਦੌਰਾਨ ਦੱਸਿਆ ਕਿ ਖ਼ੁਫ਼ੀਆ ਸੇਵਾ ਦੇ ਏਜੰਟ ਨੇ ਟਰੰਪ ਇੰਟਰਨੈਸ਼ਨਲ ਗੌਲ਼ਫ ਕਲੱਬ ਨੇੜੇ ਬੰਦੂਕਧਾਰੀ ’ਤੇ ਗੋਲੀਆਂ ਚਲਾਈਆਂ। ਉਨ੍ਹਾਂ ਕਿਹਾ ਕਿ ਏਜੰਸੀ ਇਹ ਯਕੀਨੀ ਤੌਰ ’ਤੇ ਨਹੀਂ ਆਖ ਸਕਦੀ ਕਿ ਹਿਰਾਸਤ ’ਚ ਲਏ ਮੁਲਜ਼ਮ ਨੇ ਜਵਾਬੀ ਗੋਲੀਆਂ ਚਲਾਈਆਂ ਜਾਂ ਨਹੀਂ। ਟਰੰਪ ਜਿਥੇ ਗੌਲ਼ਫ ਖੇਡ ਰਹੇ ਸਨ, ਉਥੋਂ ਕੁਝ ਦੂਰੀ ’ਤੇ ਲੁਕੇ ਅਮਰੀਕੀ ਸੀਕਰੇਟ ਸਰਵਿਸ ਦੇ ਏਜੰਟ ਨੇ ਦੇਖਿਆ ਕਿ ਕਰੀਬ 400 ਗਜ਼ ਦੀ ਦੂਰੀ ’ਤੇ ਝਾੜੀਆਂ ਵਿਚਕਾਰ ਰਾਈਫ਼ਲ ਦਿਖ ਰਹੀ ਹੈ। ਪਾਮ ਬੀਚ ਕਾਊਂਟੀ ਦੇ ਸ਼ੈਰਿਫ਼ ਰਿਕ ਬਰੈਡਸ਼ਾਅ ਨੇ ਦੱਸਿਆ ਕਿ ਏਜੰਟ ਨੇ ਗੋਲੀ ਚਲਾਈ, ਜਿਸ ਮਗਰੋਂ ਮਸ਼ਕੂਕ ਭੱਜ ਗਿਆ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਅਹੁਦੇ ਦੀ ਚੋਣ ਲੜ ਰਹੇ ਟਰੰਪ ਸ਼ੱਕੀ ਤੋਂ 300 ਤੋਂ 500 ਗਜ਼ ਦੂਰ ਸਨ। ਟਰੰਪ ਨੇ ਆਪਣੇ ਸਮਰਥਕਾਂ ਨੂੰ ਭੇਜੇ ਇਕ ਸੁਨੇਹੇ ’ਚ ਕਿਹਾ, ‘ਮੇਰੇ ਨੇੜੇ ਗੋਲੀਬਾਰੀ ਦੀਆਂ ਆਵਾਜ਼ਾਂ ਆ ਰਹੀਆਂ ਸਨ ਪਰ ਇਸ ਤੋਂ ਪਹਿਲਾਂ ਕਿ ਅਫ਼ਵਾਹਾਂ ਕੰਟਰੋਲ ਤੋਂ ਬਾਹਰ ਹੋ ਜਾਣ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਸੁਰੱਖਿਅਤ ਅਤੇ ਠੀਕ ਹਾਂ।’ ਟਰੰਪ ਨੇ ਲਿਖਿਆ ਕਿ ਉਨ੍ਹਾਂ ਨੂੰ ਕੋਈ ਵੀ ਨਹੀਂ ਰੋਕ ਸਕਦਾ ਹੈ। ਉਨ੍ਹਾਂ ਨੇ ਸੀਕਰੇਟ ਸਰਵਿਸ ਦੇ ਮੁਲਾਜ਼ਮਾਂ ਦਾ ਧੰਨਵਾਦ ਕੀਤਾ ਹੈ। ਸੁਰੱਖਿਆ ਏਜੰਸੀਆਂ ਨਾਲ ਜੁੜੇ ਤਿੰਨ ਸੂਤਰਾਂ ਨੇ ਦੱਸਿਆ ਕਿ ਹਵਾਈ ਸਥਿਤ ਛੋਟੀ ਨਿਰਮਾਣ ਕੰਪਨੀ ਦੇ ਮਾਲਕ ਰਿਆਨ ਵੈਸਲੇ ਰਾਊਥ ਨੂੰ ਐਤਵਾਰ ਦੀ ਘਟਨਾ ਲਈ ਹਿਰਾਸਤ ’ਚ ਲਿਆ ਗਿਆ ਹੈ।

# ਅਮਰੀਕੀ ਦੌਰੇ ’ਤੇ ਟਰੰਪ ਨੂੰ ਮਿਲਣਗੇ ਮੋਦੀ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਲੇ ਹਫ਼ਤੇ ਆਪਣੀ ਤਿੰਨ ਰੋਜ਼ਾ ਅਮਰੀਕੀ ਫੇਰੀ ਦੌਰਾਨ ਉਨ੍ਹਾਂ ਨਾਲ ਮੁਲਾਕਾਤ ਕਰਨਗੇ। ਮੋਦੀ 21 ਤੋਂ 23 ਸਤੰਬਰ ਤੱਕ ਅਮਰੀਕਾ ਦਾ ਦੌਰਾ ਕਰਨਗੇ, ਜਿਸ ਦੀ ਸ਼ੁਰੂਆਤ ਕੁਆਡ ਆਗੂਆਂ ਦੇ ਸਿਖਰ ਸੰਮੇਲਨ ਨਾਲ ਹੋਵੇਗੀ। ਉਂਝ ਨਵੀਂ ਦਿੱਲੀ ’ਚ ਵਿਦੇਸ਼ ਮੰਤਰਾਲੇ ਨੇ ਟਰੰਪ ਦੇ ਬਿਆਨ ’ਤੇ ਕੋਈ ਪ੍ਰਤੀਕਰਮ ਨਹੀਂ ਦਿੱਤਾ ਹੈ। ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਟਰੰਪ ਨੇ ਦਰਾਮਦ ਅਤੇ ਟੈਕਸਾਂ ਦੇ ਮੁੱਦੇ ’ਤੇ ਭਾਰਤ ਦੀ ਆਲੋਚਨਾ ਕਰਦਿਆਂ ਮੋਦੀ ਨੂੰ ‘ਸ਼ਾਨਦਾਰ ਵਿਅਕਤੀ’ ਕਰਾਰ ਦਿੱਤਾ। ਟਰੰਪ ’ਤੇ ਹਮਲੇ ਦੀ ਕੋਸ਼ਿਸ਼ ਮਗਰੋਂ ਫਲਿੰਟ (ਮਿਸ਼ੀਗਨ) ’ਚ ਪਹਿਲੀ ਵਾਰ ਜਨਤਕ ਤੌਰ ’ਤੇ ਨਜ਼ਰ ਆਏ ਸਾਬਕਾ ਰਾਸ਼ਟਰਪਤੀ ਨੇ ਕਿਹਾ, ‘ਉਹ (ਮੋਦੀ) ਅਗਲੇ ਹਫ਼ਤੇ ਮੈਨੂੰ ਮਿਲਣਗੇ ਅਤੇ ਮੋਦੀ ਸ਼ਾਨਦਾਰ ਹਨ। ਮੇਰਾ ਮਤਲਬ ਹੈ ਕਿ ਉਹ ਸ਼ਾਨਦਾਰ ਵਿਅਕਤੀ ਹਨ। ਕਈ ਆਗੂ ਸ਼ਾਨਦਾਰ ਹਨ।’ ਟਰੰਪ ਨੇ ਇਹ ਵੀ ਕਿਹਾ ਭਾਰਤ ਦਰਾਮਦ ’ਤੇ ਭਾਰੀ ਮਹਿਸੂਲ ਲਗਾਉਂਦਾ ਹੈ। ‘ਇਹ ਬਹੁਤ ਚਲਾਕ ਲੋਕ ਹਨ। ਤੁਸੀਂ ਜਾਣਦੇ ਹੋ, ਉਹ ਆਪਣੀਆਂ ਚਾਲਾਂ ’ਚ ਮਾਹਿਰ ਹਨ ਅਤੇ ਇਸ ਦੀ ਵਰਤੋਂ ਸਾਡੇ ਖ਼ਿਲਾਫ਼ ਕਰਦੇ ਹਨ।



# ਵਾਕੀ-ਟਾਕੀਜ਼ ਤੇ ਸੌਰ ਊਰਜਾ ਉਪਕਰਨਾਂ ’ਚ ਧਮਾਕੇ; 9 ਹਲਾਕ, 300 ਜ਼ਖ਼ਮੀ

ਪੇਜਰਾਂ ਵਿਚ ਧਮਾਕੇ ਤੋਂ ਇਕ ਦਿਨ ਮਗਰੋਂ ਅੱਜ ਬੇਰੂਤ ਦੇ ਵੱਖ ਵੱਖ ਇਲਾਕਿਆਂ ਵਿਚ ਇਕੋ ਵੇਲੇ ਇਲੈਕਟ੍ਰਨਿਕ ਯੰਤਰਾਂ (ਵਾਕੀ-ਟਾਕੀਜ਼) ਤੇ ਸੌਰ ਉਪਕਰਨਾਂ ਰਾਹੀਂ ਕੀਤੇ ਧਮਾਕਿਆਂ ਵਿਚ ਘੱਟੋ-ਘੱਟ 9 ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ ਤਿੰਨ ਸੌ ਹੋਰ ਜ਼ਖ਼ਮੀ ਦੱਸੇ ਜਾਂਦੇ ਹਨ। ਖ਼ਬਰ ਏਜੰਸੀ ਮੁਤਾਬਕ ਇਨ੍ਹਾਂ ਵਿਚੋਂ ਇਕ ਧਮਾਕਾ ਲੰਘੇ ਦਿਨ ਪੇਜਰ ਧਮਾਕਿਆਂ ਦੌਰਾਨ ਫੌਤ ਹੋਏ ਤਿੰਨ ਹਿਜ਼ਬੁੱਲ੍ਹਾ ਮੈਂਬਰਾਂ ਤੇ ਇਕ ਬੱਚੇ ਦੀਆਂ ਅੰਤਿਮ ਰਸਮਾਂ ਵਾਲੀ ਥਾਂ ’ਤੇ ਹੋਇਆ। ਹਿਜ਼ਬੁੱਲਾ ਦੇ ਅਲ ਮਨਾਰ ਟੀਵੀ ਨੇ ਵੀ ਲਿਬਨਾਨ ਦੇ ਕਈ ਹਿੱਸਿਆਂ ਵਿਚ ਉਪਰੋਥੱਲੀ ਕਈ ਧਮਾਕੇ ਹੋਣ ਦਾ ਦਾਅਵਾ ਕੀਤਾ ਹੈ। ਹਿਜ਼ਬੁੱਲ੍ਹਾ ਦੇ ਅਧਿਕਾਰੀ ਨੇ ਦੱਸਿਆ ਕਿ ਬੇਰੂਤ ਵਿਚ ਸਮੂਹ ਵੱਲੋਂ ਵਰਤੇ ਜਾਂਦੇ ਵਾਕੀ-ਟਾਕੀਜ਼ ਵਿਚ ਧਮਾਕੇ ਹੋਣ ਦੀਆਂ ਰਿਪੋਰਟਾਂ ਹਨ। ਲਿਬਨਾਨ ਦੀ ਅਧਿਕਾਰਤ ਖ਼ਬਰ ਏਜੰਸੀ ਨੇ ਕਿਹਾ ਕਿ ਬੇਰੂਤ ਤੇ ਦੱਖਣੀ ਲਿਬਨਾਨ ਦੇ ਕਈ ਘਰਾਂ ਵਿਚ ਸੌਰ ਊਰਜਾ ਸਿਸਟਮਾਂ ਵਿਚ ਵੀ ਧਮਾਕੇ ਹੋਏ। ਇਹ ਨਵੇਂ ਧਮਾਕੇ ਅਜਿਹੇ ਮੌਕੇ ਹੋਏ ਹਨ ਜਦੋਂ ਮੰਗਲਵਾਰ ਨੂੰ ਹੋਏ ਪੇਜਰ ਧਮਾਕਿਆਂ ਕਰਕੇ ਲੋਕਾਂ ’ਚ ਦੁਚਿੱਤੀ ਤੇ ਗੁੱਸਾ ਜਾਰੀ ਹੈ। ਮੰਗਲਵਾਰ ਨੂੰ ਹੋਏ ਧਮਾਕਿਆਂ ਵਿਚ 12 ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ 2800 ਦੇ ਕਰੀਬ ਲੋਕ ਜ਼ਖ਼ਮੀ ਹੋ ਗਏ ਸਨ।




ਪੇਜਰਾਂ ਵਿਚ ਧਮਾਕੇ ਤੋਂ ਇਕ ਦਿਨ ਮਗਰੋਂ ਅੱਜ ਬੇਰੂਤ ਦੇ ਵੱਖ ਵੱਖ ਇਲਾਕਿਆਂ ਵਿਚ ਇਕੋ ਵੇਲੇ ਇਲੈਕਟ੍ਰਨਿਕ ਯੰਤਰਾਂ (ਵਾਕੀ-ਟਾਕੀਜ਼) ਤੇ ਸੌਰ ਉਪਕਰਨਾਂ ਰਾਹੀਂ ਕੀਤੇ ਧਮਾਕਿਆਂ ਵਿਚ ਘੱਟੋ-ਘੱਟ 9 ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ ਤਿੰਨ ਸੌ ਹੋਰ ਜ਼ਖ਼ਮੀ ਦੱਸੇ ਜਾਂਦੇ ਹਨ। ਖ਼ਬਰ ਏਜੰਸੀ ਮੁਤਾਬਕ ਇਨ੍ਹਾਂ ਵਿਚੋਂ ਇਕ ਧਮਾਕਾ ਲੰਘੇ ਦਿਨ ਪੇਜਰ ਧਮਾਕਿਆਂ ਦੌਰਾਨ ਫੌਤ ਹੋਏ ਤਿੰਨ ਹਿਜ਼ਬੁੱਲ੍ਹਾ ਮੈਂਬਰਾਂ ਤੇ ਇਕ ਬੱਚੇ ਦੀਆਂ ਅੰਤਿਮ ਰਸਮਾਂ ਵਾਲੀ ਥਾਂ ’ਤੇ ਹੋਇਆ। ਹਿਜ਼ਬੁੱਲਾ ਦੇ ਅਲ ਮਨਾਰ ਟੀਵੀ ਨੇ ਵੀ ਲਿਬਨਾਨ ਦੇ ਕਈ ਹਿੱਸਿਆਂ ਵਿਚ ਉਪਰੋਥੱਲੀ ਕਈ ਧਮਾਕੇ ਹੋਣ ਦਾ ਦਾਅਵਾ ਕੀਤਾ ਹੈ। ਹਿਜ਼ਬੁੱਲ੍ਹਾ ਦੇ ਅਧਿਕਾਰੀ ਨੇ ਦੱਸਿਆ ਕਿ ਬੇਰੂਤ ਵਿਚ ਸਮੂਹ ਵੱਲੋਂ ਵਰਤੇ ਜਾਂਦੇ ਵਾਕੀ-ਟਾਕੀਜ਼ ਵਿਚ ਧਮਾਕੇ ਹੋਣ ਦੀਆਂ ਰਿਪੋਰਟਾਂ ਹਨ। ਲਿਬਨਾਨ ਦੀ ਅਧਿਕਾਰਤ ਖ਼ਬਰ ਏਜੰਸੀ ਨੇ ਕਿਹਾ ਕਿ ਬੇਰੂਤ ਤੇ ਦੱਖਣੀ ਲਿਬਨਾਨ ਦੇ ਕਈ ਘਰਾਂ ਵਿਚ ਸੌਰ ਊਰਜਾ ਸਿਸਟਮਾਂ ਵਿਚ ਵੀ ਧਮਾਕੇ ਹੋਏ। ਇਹ ਨਵੇਂ ਧਮਾਕੇ ਅਜਿਹੇ ਮੌਕੇ ਹੋਏ ਹਨ ਜਦੋਂ ਮੰਗਲਵਾਰ ਨੂੰ ਹੋਏ ਪੇਜਰ ਧਮਾਕਿਆਂ ਕਰਕੇ ਲੋਕਾਂ ’ਚ ਦੁਚਿੱਤੀ ਤੇ ਗੁੱਸਾ ਜਾਰੀ ਹੈ। ਮੰਗਲਵਾਰ ਨੂੰ ਹੋਏ ਧਮਾਕਿਆਂ ਵਿਚ 12 ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ 2800 ਦੇ ਕਰੀਬ ਲੋਕ ਜ਼ਖ਼ਮੀ ਹੋ ਗਏ ਸਨ।




Are you paying too much for Auto, Home, Business, Workman Compensation, Contractors, General Liability, E&O ?

*Call us today for complimentary Analysis of your policy.*

*Sharanjit Singh Thind, Phone 646 875 8495*



# ਸ਼ਤਾਬਦੀ ਸਮਾਗਮ: ਕੌਮ ਨੂੰ ਪੰਥਕ ਏਜੰਡਾ ਨਿਰਧਾਰਿਤ ਕਰਨ ਦੀ ਲੋੜ: ਗਿਆਨੀ ਰਘਬੀਰ ਸਿੰਘ


ਸ੍ਰੀ ਗੋਇੰਦਵਾਲ ਸਾਹਿਬ- ਸ੍ਰੀ ਗੁਰੂ ਰਾਮਦਾਸ ਦੇ ਗੁਰਤਾਗੱਦੀ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਦੇ ਜੋਤੀ-ਜੋਤਿ ਦਿਵਸ ਦੇ 450 ਸਾਲ ਪੂਰੇ ਹੋਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਮੁੱਖ ਸਮਾਗਮ ਦੌਰਾਨ ਅੱਜ ਇੱਥੇ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਕੌਮ ਦੀਆਂ ਭਵਿੱਖੀ ਤਰਜੀਹਾਂ ਨਿਰਧਾਰਤ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ।ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਮਗਰੋਂ ਸੰਬੋਧਨ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਸਾਹਿਬਾਨ ਦੀ ਦਰਸਾਈ ਜੀਵਨ ਜਾਂਚ ਦੀ ਰੌਸ਼ਨੀ ’ਚ ਸਿੱਖ ਕੌਮ ਆਪਾ ਪੜਚੋਲ ਕੇ ਵਿਆਪਕ ਪੰਥਕ ਏਜੰਡਾ ਨਿਰਧਾਰਿਤ ਕਰੇ। ਸਿੱਖਾਂ ਦੀਆਂ ਕੌਮੀ ਤਰਜੀਹਾਂ ਅਤੇ ਹਿੱਤਾਂ ਨੂੰ ਵਿਸ਼ਾਲ ਪ੍ਰਸੰਗ ਵਿੱਚ ਵਿਚਾਰ ਕੇ ਸ਼ਕਤੀਸ਼ਾਲੀ ਬੌਧਿਕ, ਧਾਰਮਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਕ ਮੰਚ ਮਜ਼ਬੂਤ ਕਰਨਾ ਅੱਜ ਪਹਿਲੀ ਲੋੜ ਹੈ।



ਉਨ੍ਹਾਂ ਕੌਮੀ ਸੰਕਟਾਂ ਦੀ ਗੱਲ ਕਰਦਿਆਂ ਕਿਹਾ ਕਿ ਆਪਸੀ ਧੜੇਬੰਦੀਆਂ, ਵਖਰੇਵਿਆਂ ਤੋਂ ਉੱਪਰ ਉੱਠ ਕੇ ਏਕਤਾ ਦੇ ਰਾਹ ਤੁਰਨਾ ਹੀ ਇਨ੍ਹਾਂ ਵਿੱਚੋਂ ਨਿਕਲਣ ਦਾ ਅਸਲ ਮਾਰਗ ਹੈ, ਜਿਸ ਨੂੰ ਯਕੀਨੀ ਤੌਰ ’ਤੇ ਅਪਨਾਉਣਾ ਪਵੇਗਾ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੀ ‘ਆਪ’ ਸਰਕਾਰ ਨੂੰ ਸਵਾਲ ਕਰਦਿਆਂ ਕਿਹਾ ਕਿ ਬੀਤੇ ’ਚ ਸ਼ਤਾਬਦੀਆਂ ਮੌਕੇ ਹਰ ਸਰਕਾਰ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਂਦੀ ਰਹੀ ਹੈ ਪਰ ਮੌਜੂਦਾ ਸਰਕਾਰ ਦਾ ਨਕਾਰਾਤਮਕ ਰਵੱਈਆ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇੱਥੇ ਵਿਕਾਸ ਕਾਰਜ ਅਤੇ ਸ਼ਮੂਲੀਅਤ ਤਾਂ ਦੂਰ ਦੀ ਗੱਲ, ਬਲਕਿ ਗੁਰੂ ਸਾਹਿਬ ਨੂੰ ਸਮਰਪਿਤ ਹੁੰਦਿਆਂ ਪੰਜਾਬ ਅੰਦਰ ਛੁੱਟੀ ਤੱਕ ਦਾ ਐਲਾਨ ਨਹੀਂ ਕੀਤਾ। ਉਨ੍ਹਾਂ ਤਖ਼ਤ ਹਜ਼ੂਰ ਸਾਹਿਬ ਅਤੇ ਤਖ਼ਤ ਪਟਨਾ ਸਾਹਿਬ ਵਿਖੇ ਬੀਤੇ ਦਿਨੀਂ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਦੀ ਆਮਦ ਮੌਕੇ ਹੋਈ ਮਰਿਆਦਾ ਦੀ ਉਲੰਘਣਾ ’ਤੇ ਵੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕੌਮ ਨੂੰ ਅਪੀਲ ਕੀਤੀ ਕਿ ਪੰਥ ਵਿਰੋਧੀ ਕਿਸੇ ਵੀ ਏਜੰਡੇ ਨੂੰ ਕਾਮਯਾਬ ਨਾ ਹੋਣ ਦਿੱਤਾ ਜਾਵੇ ਅਤੇ ਏਕੇ ਨਾਲ ਕੌਮੀ ਹੱਕਾਂ ਵਾਸਤੇ ਯਤਨ ਕੀਤੇ ਜਾਣ।ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਅਗਵਾਈ ਦਾ ਕੇਂਦਰ ਹੈ, ਜਿੱਥੇ ਪੂਰੀ ਕੌਮ ਨੂੰ ਪੰਥਕ ਮਾਮਲਿਆਂ ਵਿੱਚ ਸਾਰੇ ਮਤਭੇਦ ਪਾਸੇ ਰੱਖ ਕੇ ਇਕਜੁੱਟ ਹੋਣਾ ਚਾਹੀਦਾ ਹੈ।ਸਮਾਗਮ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ, ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਬੀਬੀ ਅਵਤਾਰ ਸਿੰਘ ਸੁਰਸਿੰਘ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਪਦਮਸ਼੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ,ਬਾਬਾ ਘੋਲਾ ਸਿੰਘ,ਬਾਬਾ ਗੁਰਨਾਮ ਸਿੰਘ ਸੰਪਰਦਾਇ ਸਰਹਾਲੀ ਸਾਹਿਬ ਵਾਲੇ, ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਗਿਆਨੀ ਗਗਨਦੀਪ ਸਿੰਘ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਗਿਆਨੀ ਤਨਵੀਰ ਸਿੰਘ ਨੇ ਹਾਜ਼ਰੀ ਭਰੀ।

**ਕੈਬਨਿਟ ਮੰਤਰੀ ਗੁਰਦੁਆਰਾ ਬਾਉਲੀ ਸਾਹਿਬ ਨਤਮਸਤਕ**

ਇਥੇ ਜਾਰੀ ਸ਼ਤਾਬਦੀ ਸਮਾਗਮਾਂ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਹਰਭਜਨ ਸਿੰਘ ਈਟੀਓ ਅਤੇ ਕੁਲਦੀਪ ਸਿੰਘ ਧਾਲੀਵਾਲ ਅੱਜ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਨਤਮਸਤਕ ਹੋਏ। ਉਨ੍ਹਾਂ ਕੜਾਹਿ ਪ੍ਰਸ਼ਾਦ ਦੀ ਦੇਗ ਕਰਵਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਿੰਨੋਂ ਮੰਤਰੀਆਂ ਨੂੰ ਸਿਰੋਪਾਓ ਭੇਟ ਕਰ ਕੇ ਸਨਮਾਨਿਆ ਗਿਆ। ਇਸ ਉਪਰੰਤ ਉਨ੍ਹਾਂ ਸੰਪਰਦਾਇ ਭੂਰੀ ਵਾਲੇ ਬਾਬਾ ਕਸ਼ਮੀਰ ਸਿੰਘ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਤਿੰਨਾਂ ਮੰਤਰੀਆਂ ਨੇ ਪੰਗਤ ਸਾਂਝੀ ਕਰਦਿਆਂ ਲੰਗਰ ਛਕਿਆ ਅਤੇ ਪੰਜਾਬ ਦੀ ਚੜ੍ਹਦੀ ਕਲਾਂ ਲਈ ਅਰਦਾਸ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਆਖਿਆ ਕਿ ਸ਼ਤਾਬਦੀ ਸਮਾਗਮਾਂ ਲਈ ਪੰਜਾਬ ਸਰਕਾਰ ਵੱਲੋਂ ਢੁੱਕਵੇਂ ਪ੍ਰਬੰਧ ਕੀਤੇ ਗਏ ਹਨ।






# ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਤੇ ਕਿਉਂ ਵਧਿਆ NSA ? ਸਰਕਾਰ ਨੇ ਹਾਈ ਕੋਰਟ ਚ ਦਿੱਤਾ ਜਵਾਬ




ਚੰਡੀਗੜ੍ਹ – ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਵੱਲੋਂ ਨੈਸ਼ਨਲ ਸਕਿਓਰਿਟੀ ਐਕਟ (ਐੱਨ.ਐੱਸ.ਏ.) ਲਾਗੂ ਕਰਨ ਤੇ ਇਸ ਦੇ ਮੁੜ-ਵਿਸਥਾਰ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ’ਤੇ ਪੰਜਾਬ ਸਰਕਾਰ ਨੇ ਹਾਈ ਕੋਰਟ ’ਚ ਜਵਾਬ ਦਿੱਤਾ ਹੈ। ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਡਿਬਰੂਗੜ੍ਹ ਜੇਲ ’ਚ ਰਹਿੰਦਿਆਂ ਵੀ ਅੰਮ੍ਰਿਤਪਾਲ ਸਿੰਘ ਦੇ ਸਾਥੀ ਵੱਖਵਾਦੀਆਂ ਦੇ ਸੰਪਰਕ ’ਚ ਸਨ। ਇਸ ’ਤੇ ਹਾਈ ਕੋਰਟ ਨੇ ਹੁਣ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ’ਤੇ ਦੂਜੀ ਵਾਰ ਐੱਨ. ਐੱਸ. ਏ. ਲਾਉਣ ਦਾ ਰਿਕਾਰਡ ਸਰਕਾਰ ਤੋਂ ਤਲਬ ਕਰ ਲਿਆ ਹੈ। ਨਾਲ ਹੀ ਇਸ ਦੀ ਪੁਸ਼ਟੀ ਕਰਨ ਸਬੰਧੀ ਰਿਕਾਰਡ ਵੀ ਕੇਂਦਰ ਨੂੰ ਸੌਂਪਣ ਦੇ ਹੁਕਮ ਦਿੱਤੇ ਗਏ ਹਨ। ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਸਰਬਜੀਤ ਸਿੰਘ ਕਲਸੀ, ਗੁਰਮੀਤ ਗਿੱਲ, ਪੱਪਲਪ੍ਰੀਤ ਸਿੰਘ ਤੇ ਹੋਰਨਾਂ ਨੇ ਆਪਣੀ ਪਟੀਸ਼ਨ ’ਚ ਕਿਹਾ ਹੈ ਕਿ ਉਨ੍ਹਾਂ ਖ਼ਿਲਾਫ਼ ਐੱਨ. ਐੱਸ. ਏ. ਲਾਉਣ ਸਮੇਤ ਹੋਰ ਕਾਰਵਾਈ ਗ਼ੈਰ-ਸੰਵਿਧਾਨਕ, ਕਾਨੂੰਨ ਦੇ ਵਿਰੁੱਧ ਤੇ ਸਿਆਸੀ ਅਸਹਿਮਤੀ ਕਾਰਨ ਕੀਤੀ ਗਈ ਹੈ, ਜੋ ਠੀਕ ਨਹੀਂ ਹੈ। ਪਟੀਸ਼ਨਰਾਂ ਖ਼ਿਲਾਫ਼ ਅਜਿਹਾ ਕੋਈ ਮਾਮਲਾ ਨਹੀਂ ਬਣਦਾ, ਜਿਸ ਕਾਰਨ ਉਨ੍ਹਾਂ ਨੂੰ ਹਿਰਾਸਤ ’ਚ ਰੱਖਣ ਦਾ ਹੁਕਮ ਦਿੱਤਾ ਜਾ ਸਕਦਾ ਹੈ। ਪਟੀਸ਼ਨ ’ਚ ਕਿਹਾ ਗਿਆ ਹੈ ਕਿ ਨਾ ਸਿਰਫ਼ ਇਕ ਸਾਲ ਤੋਂ ਵੱਧ ਸਮੇਂ ਤੋਂ ਪ੍ਰੀਵੈਨਟਿਵ ਡਿਟੈਂਸ਼ਨ ਐਕਟ ਲਾਗੂ ਕੀਤਾ ਗਿਆ ਹੈ, ਸਗੋਂ ਪੰਜਾਬ ਤੋਂ ਦੂਰ ਹਿਰਾਸਤ ’ਚ ਰੱਖ ਕੇ ਅਸਾਧਾਰਨ ਤੇ ਬੇਰਹਿਮ ਤਰੀਕੇ ਨਾਲ ਉਨ੍ਹਾਂ ਨੂੰ ਆਜ਼ਾਦੀ ਤੋਂ ਵਾਂਝਾ ਕੀਤਾ ਗਿਆ ਹੈ।ਪੰਜਾਬ ਸਰਕਾਰ ਨੇ ਆਪਣੇ ਜਵਾਬ ’ਚ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਦੀ ਹਿਰਾਸਤ ਸੂਬੇ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਹੈ। ਇੰਨਾ ਹੀ ਨਹੀਂ ਅੰਮ੍ਰਿਤਪਾਲ ਦੇ ਸਾਥੀ ਜੇਲ ’ਚ ਰਹਿੰਦਿਆਂ ਵੀ ਵੱਖਵਾਦੀਆਂ ਨਾਲ ਜੁੜੇ ਰਹੇ ਸਨ। ਅਜਿਹੀ ਸਥਿਤੀ ’ਚ ਉਨ੍ਹਾਂ ਦੀ ਹਿਰਾਸਤ ’ਚ ਵਾਧਾ ਕਰਨਾ ਸਹੀ ਹੈ।

## ਮਜੀਠੀਆ ਨੇ ਸਾਬਕਾ ਓਐੱਸਡੀ ਰਾਕੇਸ਼ ਪ੍ਰਾਸ਼ਰ ਨੂੰ ਮੁੜ ਅਕਾਲੀ ਦਲ ਵਿੱਚ ਕੀਤਾ ਸ਼ਾਮਲ

ਪਟਿਆਲਾ- ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਬੀਤੇ ਦਿਨ ਚੰਡੀਗੜ੍ਹ ਹਵਾਈ ਅੱਡੇ ’ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਜਹਾਜ਼ ਵਿੱਚੋਂ ਉੱਤਰਨ ਵੇਲੇ ਕਥਿਤ ਤੌਰ ’ਤੇ ਡਿੱਗਣ ਦੀ ਘਟਨਾ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਮਜੀਠੀਆ ਨੇ ਤਰਕ ਦਿੱਤਾ ਕਿ ਭਗਵੰਤ ਮਾਨ ਨੇ ਦਿੱਲੀ ਤੋਂ ਚੰਡੀਗੜ੍ਹ ਆਉਣ ਵੇਲੇ ਚਾਰਟਡ ਫਲਾਈਟ ਵਿੱਚ ਗੈਰ-ਕਾਨੂੰਨੀ ਤੌਰ ’ਤੇ ਕਥਿਤ ਸ਼ਰਾਬ ਪੀਤੀ ਸੀ, ਜਿਸ ਕਾਰਨ ਹੀ ਉਹ ਜਹਾਜ਼ ਵਿੱਚੋਂ ਉਤਰਨ ਵੇਲੇ ਥੱਲੇ ਡਿੱਗ ਪਏ ਸਨ। ਇੱਥੇ ਅੱਜ ਪਿਛਲੇ ਸਮੇਂ ਦੌਰਾਨ ਅਕਾਲੀ ਦਲ ਛੱਡ ਕੇ ਭਾਜਪਾ ’ਚ ਗਏ ਸਾਬਕਾ ਓਐੱਸਡੀ ਰਾਕੇਸ਼ ਪ੍ਰਾਸ਼ਰ ਨੂੰ ਮੁੜ ਅਕਾਲੀ ਦਲ ਵਿੱਚ ਸ਼ਾਮਲ ਕਰਨ ਮੌਕੇ ਅਰਬਨ ਅਸਟੇਟ ਸਥਿਤ ਰਿਹਾਇਸ਼ ’ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠੀਆ ਨੇ ਕਿਹਾ ਕਿ ਰਾਕੇਸ਼ ਪ੍ਰਾਸ਼ਰ ਦੇ ਆਉਣ ਨਾਲ ਅਕਾਲੀ ਦਲ ਨੂੰ ਹੋਰ ਮਜ਼ਬੂਤੀ ਮਿਲੇਗੀ।ਮਜੀਠੀਆ ਨੇ ਕਿਹਾ ਕਿ ਭਗਵੰਤ ਮਾਨ ਉਦੋਂ ਤੋਂ ਪ੍ਰੇਸ਼ਾਨ ਹਨ, ਜਦੋਂ ਤੋਂ ਅਰਵਿੰਦ ਕੇਜਰੀਵਾਲ ਨੇ ਇਹ ਆਖਿਆ ਹੈ ਕਿ ਉਨ੍ਹਾਂ ਨੂੰ ਵੀ ਮੁੱਖ ਮੰਤਰੀ ਦਾ ਅਹੁਦਾ ਛੱਡਣਾ ਪਵੇਗਾ, ਜਿਸ ਕਾਰਨ ਹੀ ਉਨ੍ਹਾਂ ਨੂੰ ਕਥਿਤ ਤੌਰ ’ਤੇ ਸ਼ਰਾਬ ਦਾ ਸਹਾਰਾ ਲੈਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਦੁਬਾਰਾ ਚਾਰਟਡ ਫਲਾਈਟ ਵਿਚ ਵਾਪਸ ਦਿੱਲੀ ਲਿਜਾਣ ਦੀ ਕਾਰਵਾਈ ਵੀ ਸੂਬੇ ਦੇ ਸਰੋਤਾਂ ਦੀ ਸਿੱਧੀ ਬਰਬਾਦੀ ਹੈ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਦੱਸੇ ਕਿ ਉਨ੍ਹਾਂ ਨੂੰ ਚੰਡੀਗੜ੍ਹ ਜਾਂ ਪੰਜਾਬ ਦੇ ਕਿਸੇ ਹਸਪਤਾਲ ਵਿੱਚ ਦਾਖਲ ਕਿਉਂ ਨਹੀਂ ਦਾਖਲ ਕਰਵਾਇਆ ਗਿਆ। ਮਜੀਠੀਆ ਨੇ ਸਰਕਾਰ ਦੀ ਨਵੀਂ ਖੇਤੀ ਨੀਤੀ ਨੂੰ ਪੁਰਾਣੀ ਬੋਤਲ ਵਿੱਚ ਨਵੀਂ ਸ਼ਰਾਬ ਪਾਉਣ ਦੇ ਤੁੱਲ ਦੱਸਿਆ।ਉਨ੍ਹਾਂ ਕਿਹਾ ਕਿ ਮਾਲਵਿੰਦਰ ਸਿੰਘ ਮਾਲੀ ਦੀ ਗ੍ਰਿਫ਼ਤਾਰੀ ਨੇ ਐਮਰਜੈਂਸੀ ਦੇ ਦਿਨ ਯਾਦ ਕਰਵਾ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਗੈਂਗਸਟਰਾਂ ’ਤੇ ਨਕੇਲ ਕਸਣ ਵਿੱਚ ਨਾਕਾਮ ਰਹੀ ਹੈ।



## ਹਾਈਕੋਰਟ ਵੱਲੋਂ ਕੇਂਦਰ, ਪੰਜਾਬ ਸਰਕਾਰ ਤੇ ਡਿਬਰੂਗੜ੍ਹ ਜੇਲ੍ਹ ਦੇ ਸੁਪਰਡੈਂਟ ਨੂੰ ਨੋਟਿਸ




ਚੰਡੀਗੜ੍ਹ- ਡਿਬਰੂਗੜ੍ਹ ਜੇਲ੍ਹ ਵਿੱਚ ਐੱਨ.ਐੱਸ.ਏ. ਦੇ ਤਹਿਤ ਬੰਦ ਅੰਮ੍ਰਿਤਪਾਲ ਸਿੰਘ ਦੇ ਇੱਕ ਹੋਰ ਸਾਥੀ ਕੁਲਵੰਤ ਸਿੰਘ ਰਾਉਂਕੇ ਨੇ ਆਪਣੇ ਖਿਲਾਫ ਦੂਜੀ ਵਾਰ ਲਗਾਏ ਐੱਨ.ਐੱਸ.ਏ. ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਹਾਈਕੋਰਟ ਨੇ ਰਾਉਂਕੇ ਦੀ ਪਟੀਸ਼ਨ ’ਤੇ ਕੇਂਦਰ ਦੇ ਨਾਲ-ਨਾਲ ਪੰਜਾਬ ਸਰਕਾਰ ਅਤੇ ਡਿਬਰੂਗੜ੍ਹ ਜੇਲ੍ਹ ਦੇ ਸੁਪਰਡੈਂਟ ਨੂੰ ਨੋਟਿਸ ਜਾਰੀ ਕੀਤਾ ਹੈ। ਰਾਉਂਕੇ ਦਾ ਕਹਿਣਾ ਹੈ ਕਿ ਦੂਜੀ ਵਾਰ ਪੰਜਾਬ ਸਰਕਾਰ ਨੇ ਬਿਨਾਂ ਕਿਸੇ ਠੋਸ ਆਧਾਰ ਦੇ ਸਿਰਫ਼ ਸਿਆਸੀ ਕਾਰਨਾਂ ਕਰਕੇ ਹੀ ਉਸ ’ਤੇ ਐੱਨ.ਐੱਸ.ਏ. ਲਗਾ ਦਿੱਤਾ ਹੈ, ਇਸ ਨੂੰ ਰੱਦ ਕੀਤਾ ਜਾਵੇ। ਦੱਸ ਦੇਈਏ ਕਿ ਕੁਲਵੰਤ ਸਿੰਘ ਰਾਉਂਕੇ ਨੇ ਪਿਛਲੇ ਸਾਲ ਜਦੋਂ ਉਨ੍ਹਾਂ ’ਤੇ ਮਾਰਚ, 2023 ਵਿੱਚ ਐੱਨ.ਐੱਸ.ਏ. ਲਗਾਕੇ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਸੀ, ਓਦੋਂ ਵੀ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਆਪਣੇ ਉੱਤੇ ਲਗਾਏ ਗਏ ਐੱਨ.ਐੱਸ.ਏ. ਨੂੰ ਚੁਣੌਤੀ ਦਿੱਤੀ ਸੀ। ਇਹ ਪਟੀਸ਼ਨ ਫਿਲਹਾਲ ਹਾਈ ਕੋਰਟ ਵਿੱਚ ਵਿਚਾਰ ਅਧੀਨ ਹੈ। ਪਿਛਲਾ ਐੱਨ.ਐੱਸ.ਏ. ਇਸ ਸਾਲ ਮਾਰਚ ਵਿੱਚ ਖ਼ਤਮ ਹੋ ਗਿਆ ਸੀ, ਪਰ ਪੰਜਾਬ ਸਰਕਾਰ ਨੇ ਅੰਮ੍ਰਿਤਸਰ ਦੇ ਡੀਐਮ ਰਾਹੀਂ ਹੁਣ ਉਸ ਉੱਤੇ ਇੱਕ ਵਾਰ ਫਿਰ ਐਨ.ਐਸ.ਏ ਲਗਾ ਦਿੱਤਾ ਹੈ। ਰਾਉਂਕੇ ਦਾ ਕਹਿਣਾ ਹੈ ਕਿ ਦੂਜੀ ਵਾਰ ਪੰਜਾਬ ਸਰਕਾਰ ਨੇ ਬਿਨਾਂ ਕਿਸੇ ਠੋਸ ਆਧਾਰ ਦੇ ਸਿਰਫ਼ ਸਿਆਸੀ ਕਾਰਨਾਂ ਕਰਕੇ ਹੀ ਉਸ ’ਤੇ ਐੱਨ.ਐੱਸ.ਏ. ਲਗਾ ਦਿੱਤਾ ਹੈ ਕਿਉਂਕਿ ਸਰਕਾਰ ਨਹੀਂ ਚਾਹੁੰਦੀ ਕਿ ਉਹ ਜੇਲ੍ਹ ਤੋਂ ਬਾਹਰ ਆਵੇ। ਰ

# ਪੰਜਾਬ ਸਮੇਤ ਦੇਸ਼ ਦੇ ਜ਼ਿਆਦਾਤਰ ਗੈਂਗਸਟਰਾਂ ਨੇ ਵਿਦੇਸ਼ਾਂ ’ਚ ਬਣਾਏ ਟਿਕਾਣੇ



ਚੰਡੀਗੜ੍ਹ- ਭਾਰਤੀ ਮੂਲ ਦੇ ਗੈਂਗਸਟਰਾਂ ਦੀ ਨਵੀਂ ਪੀੜ੍ਹੀ ਕੈਨੇਡਾ,ਆਸਟ੍ਰੇਲੀਆ, ਗ੍ਰੀਸ, ਪੁਰਤਗਾਲ ਅਤੇ ਫਿਲੀਪੀਨਜ਼ ਵਰਗੇ ਦੇਸ਼ਾਂ ਵਿੱਚ ਆਪਣੇ ਪੈਰ ਪਸਾਰ ਰਹੀ ਹੈ। ਸਿਰਫ਼ ਇੰਨਾ ਹੀ ਨਹੀਂ ਇਹ ਗੈਂਗਸਟਰ ਹੁਣ ਦੁਨੀਆ ਭਰ ਵਿਚ ਅੱਤਵਾਦ, ਬੰਦੂਕ ਚਲਾਉਣਾ, ਨਸ਼ੀਲੇ ਪਦਾਰਥ ਦੇ ਕਾਰੋਬਾਰ ਨੂੰ ਵਧਾ ਰਹੇ ਹਨ। ਭਾਰਤ ਦੇ ਦੋ ਸਭ ਤੋਂ ਬਦਨਾਮ ਗੈਂਗਸਟਰ ਗੋਲਡੀ ਬਰਾੜ (30) ਅਤੇ ਅਰਸ਼ ਡਾਲਾ (28) ਪੰਜਾਬ ਤੋਂ ਇਲਾਵਾ ਵਿਦੇਸ਼ਾਂ ਵਿਚ ਵੀ ਆਪਣੀਆਂ ਜੜ੍ਹਾਂ ਫੈਲਾ ਰਹੇ ਹਨ। ਇਹ ਗੈਂਗਸਟਰ ਆਪਣੇ ਕੈਨੇਡੀਅਨ ਠਿਕਾਣਿਆਂ ਤੋਂ ਹੀ ਅੱਤਵਾਦੀ ਨੈੱਟਵਰਕ ਬਣਾਉਣ, ਲੁਧਿਆਣਾ ਤੋਂ ਨੋਇਡਾ ਅਤੇ ਗੁੜਗਾਓਂ ਤੋਂ ਗੰਗਾਨਗਰ ਤਕ ਜਬਰਦਸਤੀ ਰੈਕੇਟ ਦਾ ਆਯੋਜਨ ਕਰਨ ਤੋਂ ਇਲਾਵਾ ਪਾਕਿਸਤਾਨ ਦੀ ਸਰਹੱਦ ਪਾਰ ਤੋਂ ਹਥਿਆਰਾਂ ਅਤੇ ਵਿਸਫੋਟਕਾਂ ਦੀ ਤਸਕਰੀ ਕਰਨ ਲਈ ਡਰੋਨ ਦੀ ਵਰਤੋਂ ਕਰਨ ਦਾ ਕੰਮ ਕਰਦੇ ਹਨ। ਫਿਰ ਵੀ, ਇਹਨਾਂ ਸਮਾਨਤਾਵਾਂ ਦੇ ਬਾਵਜੂਦ ਇਹ ਦੋਵੇਂ ਆਪਸ ਵਿਚ ਦੁਸ਼ਮਣ ਹਨ। ਗੋਲਡੀ ਉਰਫ ਸਤਵਿੰਦਰ ਸਿੰਘ ਮੂਲ ਰੂਪ ਵਿੱਚ ਪੰਜਾਬ ਦੇ ਮੁਕਤਸਰ ਸਾਹਿਬ ਦਾ ਰਹਿਣ ਵਾਲਾ ਹੈ। ਇਸ ਦੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਸਬੰਧ ਹਨ ਅਤੇ ਉਹ ਕੈਨੇਡਾ ਅਤੇ ਅਮਰੀਕਾ ਤੋਂ ਲਾਰੈਂਸ ਬਿਸ਼ਨੋਈ ਗੈਂਗ ਦੀ ਛਤਰ-ਛਾਇਆ ਹੇਠ ਕੰਮ ਕਰਦਾ ਹੈ। ਦੂਜੇ ਪਾਸੇ ਲਾਰੈਂਸ ਬਿਸ਼ਨੋਈ ਪੰਜਾਬ ਯੂਨੀਵਰਸਿਟੀ ਤੋਂ ਇੱਕ ਕਾਨੂੰਨ (ਲਾਅ) ਗ੍ਰੈਜੂਏਟ ਅਤੇ ਕੈਂਪਸ ਦੀ ਰਾਜਨੀਤੀ ਵਿੱਚ ਗੋਲਡੀ ਦਾ ਸਹਿਯੋਗੀ ਹੈ। ਇਹ 2014 ਤੋਂ ਰਾਜਸਥਾਨ ਜਾਂ ਦਿੱਲੀ ਦੀਆਂ ਜੇਲ੍ਹਾਂ ਵਿੱਚ ਬੰਦ ਹੋਣ ਦੇ ਬਾਵਜੂਦ ਵੀ ਆਪਣੇ ਅਪਰਾਧਿਕ ਸਾਮਰਾਜ ਦੇ ਕੰਮਕਾਜ ਨੂੰ ਜਾਰੀ ਰੱਖ ਰਹੇ ਹਨ। ਇਸ ਦੌਰਾਨ ਪੰਜਾਬ ਦੇ ਮੋਗਾ ਤੋਂ ਅਰਸ਼ ਡਾਲਾ ਉਰਫ ਅਰਸ਼ਦੀਪ ਸਿੰਘ ਗਿੱਲ ਪਿਛਲੇ ਕੁਝ ਸਾਲਾਂ ਤੋਂ ਤੇਜ਼ੀ ਨਾਲ ਕੱਦ ਅਤੇ ਬਦਨਾਮੀ ਦੋਵਾਂ ਵਿੱਚ ਵਧਿਆ ਹੈ। ਉਸਦਾ ਗਲੋਬਲ ਆਤੰਕ ਅਤੇ ਅਪਰਾਧ ਸਿੰਡੀਕੇਟ ਉਦੋਂ ਸੁਰਖੀਆਂ ਵਿੱਚ ਆਇਆ ਜਦੋਂ ਇਸਦੇ ਦੋ ਸੰਚਾਲਕਾਂ ਪੀਟਾ ਵਜੋਂ ਜਾਣੇ ਜਾਂਦੇ ਮਨਪ੍ਰੀਤ ਸਿੰਘ ਅਤੇ ਉਸਦੇ ਭਰਾ ਮਨਦੀਪ ਨੂੰ ਫਿਲੀਪੀਨਜ਼ ਵਿੱਚ ਗ੍ਰਿਫਤਾਰ ਕੀਤਾ ਗਿਆ ਅਤੇ ਭਾਰਤ ਭੇਜ ਦਿੱਤਾ ਗਿਆ। ਡਾਲਾ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐੱਫ.) ਦਾ ਹਿੱਸਾ ਹੈ, ਜੋ ਕਿ ਹਰਦੀਪ ਸਿੰਘ ਨਿੱਝਰ ਦੁਆਰਾ ਸਥਾਪਿਤ ਕੀਤੀ ਗਈ ਇੱਕ ਸੰਸਥਾ ਹੈ, ਜਿਸਦੀ ਪਿਛਲੇ ਸਾਲ ਬ੍ਰਿਟਿਸ਼ ਕੋਲੰਬੀਆ ਵਿੱਚ ਹੋਈ ਹੱਤਿਆ ਨੇ ਅੱਗ ਨੂੰ ਭੜਕਾਇਆ ਸੀ। ਭਾਰਤੀ ਗੈਂਗਸਟਰਾਂ ਦੀ ਨਵੀਂ ਪੀੜ੍ਹੀ ਦੇ ਲਗਭਗ ਇੱਕ ਦਰਜਨ ਦੇਸ਼ਾਂ-ਕੈਨੇਡਾ, ਆਸਟ੍ਰੇਲੀਆ, ਗ੍ਰੀਸ, ਪੁਰਤਗਾਲ, ਫਿਲੀਪੀਨਜ਼ ਅਤੇ ਹੋਰ ਦੇਸ਼ਾਂ ਵਿੱਚ ਪੈਰ ਜਮਾਉਣ ਦੇ ਨਾਲ-ਉੱਤਰੀ ਭਾਰਤ ਦੇ ਕਈ ਸ਼ਹਿਰਾਂ ਵਿੱਚ ਅੰਡਰਵਰਲਡ ਅਪਰਾਧ ਵੀ ਵਧਣ ਲਈ ਤਿਆਰ ਹੈ, ਕੁਝ ਗੈਂਗ ਝਗੜੇ ਪਹਿਲਾਂ ਹੀ ਵਿਸ਼ਵ ਦਾ ਧਿਆਨ ਖਿੱਚ ਰਹੇ ਹਨ।


# ਪੰਜਾਬ ਦੇ 5 ਪੁਲਸ ਅਧਿਕਾਰੀਆਂ ਤੇ ਵੱਡੀ ਕਾਰਵਾਈ, ਡਿੱਗੀ ਗਾਜ



ਜਲੰਧਰ - ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਇਕ ਵੱਡੀ ਕਾਰਵਾਈ ਕਰਦਿਆਂ ਜਲੰਧਰ ਦਿਹਾਤੀ ਪੁਲਸ ਨੇ ਡਿਊਟੀ ਵਿੱਚ ਕੁਤਾਹੀ ਵਰਤਣ ਲਈ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਦੇ ਪੰਜ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਕਾਰਵਾਈ ਪੁਲਸ ਦੀ ਅਣਗਹਿਲੀ ਅਤੇ ਲਾਪਰਵਾਹੀ, ਖ਼ਾਸ ਤੌਰ @ਤੇ ਅਲਾਵਲਪੁਰ ਚੌਂਕੀ ਦੇ ਅਧਿਕਾਰ ਖੇਤਰ ਦੇ ਅੰਦਰ ਵਾਰ-ਵਾਰ ਜਨਤਕ ਸ਼ਿਕਾਇਤਾਂ ਤੋਂ ਬਾਅਦ ਕੀਤੀ ਗਈ ਹੈ। ਮੁਅੱਤਲ ਕੀਤੇ ਗਏ ਅਧਿਕਾਰੀਆਂ, ਜੋਕਿ ਵੱਖ-ਵੱਖ ਥਾਣਿਆਂ ਵਿੱਚ ਤਾਇਨਾਤ ਸਨ, ਉਨ੍ਹਾਂ ਦੀ ਪਛਾਣ ਏ. ਐੱਸ. ਆਈ. ਅਵਤਾਰ ਸਿੰਘ, ਕਾਂਸਟੇਬਲ ਬਿਕਰਮਜੀਤ ਸਿੰਘ, ਸੀਨੀਅਰ ਕਾਂਸਟੇਬਲ ਭੁਪਿੰਦਰ ਸਿੰਘ, ਕਾਂਸਟੇਬਲ ਆਰੀਅਨਪ੍ਰੀਤ ਸਿੰਘ ਅਤੇ ਏ. ਐੱਸ. ਆਈ/ਐੱਲਆਰ ਜਸਵਿੰਦਰ ਸਿੰਘ ਵਜੋਂ ਹੋਈ ਹੈ।ਪ੍ਰੈੱਸ ਨੂੰ ਵਧੇਰੇ ਜਾਣਕਾਰੀ ਦਿੰਦੇ ਹੋਏ ਸੀਨੀਅਰ ਪੁਲਸ ਕਪਤਾਨ (ਐੱਸ. ਐੱਸ. ਪੀ) ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਵਿਭਾਗ ਨੇ ਇਨ੍ਹਾਂ ਅਧਿਕਾਰੀਆਂ ਵਿਰੁੱਧ ਆਪਣੀ ਡਿਊਟੀ ਨਿਭਾਉਣ ਵਿੱਚ ਅਸਫ਼ਲ ਰਹਿਣ ਲਈ ਸਖ਼ਤ ਕਾਰਵਾਈ ਕੀਤੀ ਹੈ, ਜਿਸ ਕਾਰਨ ਕਈ ਜਨਤਕ ਸ਼ਿਕਾਇਤਾਂ ਆਈਆਂ ਅਤੇ ਲੋਕਾਂ ਵਿੱਚ ਬੇਚੈਨੀ ਪੈਦਾ ਹੋਈ ਹੈ। ਪੁਲਸ ਵੱਲੋਂ ਲਾਪਰਵਾਹੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਅਲਾਵਲਪੁਰ ਚੌਂਕੀ ਦੇ ਇੰਚਾਰਜ ਏ. ਐੱਸ. ਆਈ. ਰਜਿੰਦਰ ਕੁਮਾਰ ਐੱਨ. ਡੀ. ਪੀ. ਐੱਸ. ਐਕਟ ਨਾਲ ਸਬੰਧਤ ਇਕ ਨਾਜ਼ੁਕ ਮਾਮਲੇ ਨੂੰ ਲੈ ਕੇ ਜਾਂਚ ਦੇ ਘੇਰੇ ਵਿੱਚ ਆਏ ਸਨ। ਲੋਕਾਂ ਦੁਆਰਾ ਉਸ ਵੱਲੋਂ ਸਮੇਂ ਸਿਰ ਕਾਰਵਾਈ ਨਾ ਕਰਨ ਲਈ ਉਸ ਵਿਰੁੱਧ ਵਾਰ-ਵਾਰ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਸਨ। ਅਧਿਕਾਰੀ ਨੇ ਜਾਂਚ ਦੌਰਾਨ ਸਹੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ, ਜਿਸ ਕਾਰਨ ਨਿਆਂ ਦਿਵਾਉਣ ਵਿੱਚ ਕਾਫ਼ੀ ਦੇਰੀ ਹੋਈ ਸੀ। ਪੈਂਡਿੰਗ ਕੇਸਾਂ ਵੱਲ ਉਸਦੀ ਧਿਆਨ ਦੀ ਘਾਟ ਅਤੇ ਕੇਸ ਦੇ ਮਾੜੇ ਪ੍ਰਬੰਧਨ ਨੇ ਖੇਤਰ ਵਿੱਚ ਵੱਧ ਰਹੀ ਨਿਰਾਸ਼ਾ ਵਿੱਚ ਯੋਗਦਾਨ ਪਾਇਆ ਹੈ ਜੋ ਬਿਲਕੁੱਲ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਥਾਣਾ ਲੋਹੀਆਂ ਵਿਖੇ ਤਾਇਨਾਤ ਏ. ਐੱਸ. ਆਈ. ਅਵਤਾਰ ਸਿੰਘ ਨੂੰ ਪਿੰਡ ਪਿੱਪਲੀ ਵਿਖੇ ਜ਼ਮੀਨੀ ਵਿਵਾਦ ਨੂੰ ਧਿਆਨ ਨਾਲ ਨਾ ਹੱਲ ਕਰਨ ਦੇ ਦੋਸ਼ ਹੇਠ ਮੁਅੱਤਲ ਕਰ ਦਿੱਤਾ ਗਿਆ, ਜਿਸ ਕਾਰਨ ਅਮਨ ਕਾਨੂੰਨ ਦੀ ਵੱਡੀ ਸਥਿਤੀ ਪੈਦਾ ਹੋ ਸਕਦੀ ਸੀ। ਉਸ ਨੇ ਕਤਲ ਦੀ ਕੋਸ਼ਿਸ਼ ਦੇ ਕੇਸ ਨੂੰ ਵੀ ਗਲਤ ਤਰੀਕੇ ਨਾਲ ਨਜਿੱਠਿਆ ਅਤੇ ਉਹ ਡੀ. ਐੱਸ. ਪੀ. ਸ਼ਾਹਕੋਟ ਜਾਂਚ ਵਿੱਚ ਦੋਸ਼ੀ ਪਾਇਆ ਗਿਆ। ਸੰਭਾਵੀ ਖ਼ਤਰੇ ਤੋਂ ਜਾਣੂੰ ਹੋਣ ਦੇ ਬਾਵਜੂਦ, ਉਸ ਨੇ ਮਾਮਲੇ ਨੂੰ ਸੀਨੀਅਰ ਅਧਿਕਾਰੀਆਂ ਦੇ ਧਿਆਨ ਵਿੱਚ ਨਹੀਂ ਲਿਆਂਦਾ ਅਤੇ ਨਾ ਹੀ ਕੋਈ ਰੋਕਥਾਮ ਕਾਰਵਾਈ ਕੀਤੀ ਸੀ ਥਾਣਾ ਭੋਗਪੁਰ ਵਿਖੇ ਤਾਇਨਾਤ ਏ. ਐੱਸ. ਆਈ. ਜਸਵਿੰਦਰ ਸਿੰਘ ਨੂੰ ਇਕ ਝਗੜੇ ਦੇ ਮਾਮਲੇ ਨੂੰ ਮਾੜਾ ਢੰਗ ਨਾਲ ਨਜਿੱਠਣ ਕਾਰਨ ਮੁਅੱਤਲ ਕੀਤਾ ਗਿਆ ਹੈ, ਜੋਕਿ ਵੱਡੇ ਟਕਰਾਅ ਵਿੱਚ ਤਬਦੀਲ ਹੋਣ ਦੀ ਸੰਭਾਵਨਾ ਰੱਖਦਾ ਸੀ। ਅਧਿਕਾਰੀ ਨੇ ਵਿਰੋਧੀ ਧਿਰ @ਤੇ ਬੇਲੋੜਾ ਦਬਾਅ ਪਾਇਆ, ਜਿਸ ਕਾਰਨ ਹੋਰ ਉਲਝਣਾਂ ਪੈਦਾ ਹੋ ਗਈਆਂ। ਡੀ. ਐੱਸ. ਪੀ. ਆਦਮਪੁਰ ਦੀ ਜਾਂਚ ਵਿੱਚ ਉਸ ਨੂੰ ਮਾਮਲੇ ਵਿੱਚ ਗੜਬੜ ਕਰਨ ਲਈ ਦੋਸ਼ੀ ਪਾਇਆ ਗਿਆ ਹੈ। ਕਾਂਸਟੇਬਲ ਬਿਕਰਮਜੀਤ ਸਿੰਘ, ਸੀਨੀਅਰ ਕਾਂਸਟੇਬਲ ਭੁਪਿੰਦਰ ਸਿੰਘ ਅਤੇ ਕਾਂਸਟੇਬਲ ਆਰੀਅਨਪ੍ਰੀਤ ਸਿੰਘ ਨੂੰ ਲੰਬੇ ਸਮੇਂ ਲਈ ਵਾਰ-ਵਾਰ ਅਣਅਧਿਕਾਰਤ ਗੈਰਹਾਜ਼ਰ ਰਹਿਣ ਕਾਰਨ ਮੁਅੱਤਲ ਕਰ ਦਿੱਤਾ ਗਿਆ ਹੈ।

## ਵਿਦੇਸ਼ ਭੇਜਣ ’ਤੇ 10 ਲੱਖ ਰੁਪਏ ਤੇ 10 ਤੋਲੇ ਸੋਨੇ ਦੀ ਠੱਗੀ

ਜਲਾਲਾਬਾਦ: ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਇਕ ਕੁੜੀ ਨੂੰ ਕੈਨੇਡਾ ਭੇਜਣ ਦੇ ਨਾਂ ’ਤੇ 10 ਲੱਖ ਰੁਪਏ ਅਤੇ 10 ਤੋਲੇ ਸੋਨੇ ਦੀ ਠੱਗੀ ਮਾਰਨ ਦੇ ਦੋਸ਼ ’ਚ 3 ਲੋਕਾਂ ਦੇ ਖ਼ਿਲਾਫ਼ ਪਰਚਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਬੂਟਾ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਜਸ਼ਨਦੀਪ ਸਿੰਘ ਪੁੱਤਰ ਦਵਿੰਦਰ ਸਿੰਘ ਵਾਸੀ ਮਸਤੂਵਾਲਾ ਹਾਲ ਜਲਾਲਾਬਾਦ ਨੇ ਇਕ ਦਰਖ਼ਾਸਤ 15-7-2024 ਨੂੰ ਦਿੱਤੀ ਸੀ।ਜਸ਼ਨਦੀਪ ਸਿੰਘ ਨੇ ਦੱਸਿਆ ਕਿ ਮੁਖਤਿਆਰ ਸਿੰਘ ਵਗੈਰਾ ਵੱਲੋਂ ਆਪਣੀ ਧੀ ਨਵਲੀਨ ਕੌਰ ਨੂੰ ਵਿਦੇਸ਼ ਕੈਨੇਡਾ ਭੇਜਣ ਦੇ ਨਾਮ ’ਤੇ ਉਸ ਪਾਸੋਂ 10 ਲੱਖ ਰੁਪਏ ਅਤੇ 10 ਤੋਲੇ ਸੋਨੇ ਦੀ ਠੱਗੀ ਮਾਰੀ ਗਈ ਹੈ। ਇਸ ਮਾਮਲੇ ਸਬੰਧੀ ਥਾਣਾ ਸਿਟੀ ਜਲਾਲਾਬਾਦ ਵਿਖੇ ਮੁੱਦਈ ਜਸ਼ਨਦੀਪ ਸਿੰਘ ਦੇ ਬਿਆਨਾਂ ਦੇ ਅਧਾਰ ’ਤੇ ਨਵਲੀਨ ਕੌਰ ਪੁੱਤਰੀ ਮੁਖਤਿਆਰ ਸਿੰਘ, ਮੁਖਤਿਆਰ ਸਿੰਘ ਪੁੱਤਰ ਗਿਆਨ ਸਿੰਘ ਅਤੇ ਜਗਜੀਤ ਕੌਰ ਪਤਨੀ ਮੁਖਤਿਆਰ ਸਿੰਘ ਵਾਸੀ ਜੰਡਵਾਲਾ ਮੀਰਾ ਸਾਂਗਲਾ (ਫਾਜ਼ਿਲਕਾ) ਦੇ ਖ਼ਿਲਾਫ਼ ਪਰਚਾ ਦਰਜ ਕੀਤਾ ਗਿਆ ਹੈ।



# ਭਾਰਤ ਵਿਚ ਆਈਫੋਨ 16 ਸੀਰੀਜ਼ ਦੀ ਵਿਕਰੀ ਸ਼ੁਰੂ , ਸਟੋਰਾਂ ਦੇ ਬਾਹਰ ਲੰਬੀਆਂ ਕਤਾਰਾਂ



ਐਪਲ ਵੱਲੋਂ 9 ਸਤੰਬਰ ਨੂੰ ਆਈਫੋਨ 16 ਸੀਰੀਜ਼ ਜਾਰੀ ਕਰਨ ਤੋਂ ਬਾਅਦ ਹੁਣ ਕੰਪਨੀ ਨੇ ਭਾਰਤ ਵਿੱਚ ਇਸਦੀ ਵਿਕਰੀ ਦੀ ਸ਼ੁਰੂਆਤ ਕਰ ਦਿੱਤੀ ਹੈ। ਲੋਕ ਇਸ ਨੂੰ ਲੈ ਕੇ ਉਤਸ਼ਾਹਿਤ ਹਨ ਅਤੇ ਆਈਫੋਨ 16 ਖਰੀਦਣ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਦੁਕਾਨਾਂ 'ਤੇ ਲੰਬੀਆਂ ਕਤਾਰਾਂ ਦੇਖਣ ਨੂੰ ਮਿਲ ਰਹੀਆਂ ਹਨ। ਮੁੰਬਈ ਦੇ ਬੀਕੇਸੀ ਵਿੱਚ ਕੰਪਨੀ ਦੇ ਸਟੋਰ ਤੋਂ ਇੱਕ ਵਿਜ਼ੂਅਲ ਵਿੱਚ ਆਈਫੋਨ 16 ਨੂੰ ਖਰੀਦਣ ਲਈ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋਏ ਨਜ਼ਰ ਆਏ। ਆਈਫੋਨ 16 ਪ੍ਰੋ ਅਤੇ ਆਈਫੋਨ 16 ਪ੍ਰੋ ਮੈਕਸ ਦੋਵੇਂ ਮਾਡਲ ਐਪਲ ਦੇ ਹੁਣ ਤੱਕ ਦੇ ਸਭ ਤੋਂ ਵੱਡੇ ਡਿਸਪਲੇਅ ਨਾਲ ਹਨ, ਜਿਸ ਦਾ ਆਕਾਰ ਪ੍ਰੋ ਲਈ 6.3 ਇੰਚ ਅਤੇ ਪ੍ਰੋ ਮੈਕਸ ਲਈ ਪ੍ਰਭਾਵਸ਼ਾਲੀ 6.9 ਇੰਚ ਤੱਕ ਹੈ। ਇਹਨਾਂ ਡਿਵਾਈਸਾਂ ਵਿੱਚ ਐਪਲ ਉਤਪਾਦ ਅਤੇ ਉੱਨਤ ਹਮੇਸ਼ਾ-ਆਨ 1208 ਪ੍ਰੋਮੋਸ਼ਨ ਡਿਸਪਲੇ ਤਕਲੀਕ 'ਤੇ ਹੁਣ ਤੱਕ ਦੇਖੇ ਗਏ ਸਭ ਤੋਂ ਪਤਲੇ ਬਾਰਡਰ ਵੀ ਹਨ। ਨਵੇਂ ਲਾਂਚ ਕੀਤੇ ਆਈਫੋਨ 16 ਨੂੰ ਖਰੀਦਣ ਆਏ ਇੱਕ ਗਾਹਕ ਉੱਜਵਲ ਸ਼ਾਹ ਨੇ ਕਿਹਾ ਕਿ ਮੈਂ ਪਿਛਲੇ 21 ਘੰਟਿਆਂ ਤੋਂ ਕਤਾਰ ਵਿੱਚ ਖੜ੍ਹਾ ਹਾਂ, ਮੈਂ ਕੱਲ੍ਹ ਸਵੇਰੇ 11 ਵਜੇ ਤੋਂ ਇੱਥੇ ਹਾਂ ਅਤੇ ਸਟੋਰ ਵਿੱਚ ਦਾਖ਼ਲ ਹੋਣ ਵਾਲਾ ਪਹਿਲਾ ਵਿਅਕਤੀ ਹੋਵਾਂਗਾ। ਉਸਨੇ ਦੱਸਿਆ ਕਿ ਪਿਛਲੇ ਸਾਲ ਮੈਂ 17 ਘੰਟੇ ਕਤਾਰ ਵਿੱਚ ਖੜ੍ਹਾ ਰਿਹਾ ਸੀ। ਦਿੱਲੀ ਦੇ ਸਾਕੇਤ ਵਿਚ ਐਪਲ ਸਟੋਰ ਦੇ ਬਾਹਰ ਵੀ ਲੰਬੀਆਂ ਕਤਾਰਾਂ ਦੇਖੀਆਂ ਗਈਆਂ।

ਆਈਫੋਨ 16 ਸੀਰੀਜ਼ ਵਿੱਚ ਆਈਫੋਨ 1 (ਬੇਸ ਮਾਡਲ), ਆਈਫੋਨ 16 ਪਲੱਸ 16ਆਈਫੋਨ 16 ਪ16 ਅਤੇ ਆਈਫੋਨ 16 ਪ੍ਰੋ ਮੈਕਸ() ਸ਼ਾਮਲ ਹਨ। ਆਈਫੋਨ 16 ਪ੍ਰੋ ਸ਼ਾਨਦਾਰ ਰੰਗਾਂ ਦੀ ਲੜੀ ਵਿੱਚ ਆਉਂਦਾ ਹੈ, ਜਿਸ ਵਿੱਚ ਡਾਰਕ ਬਲੈਕ ਟਾਈਟੇਨੀਅਮ, ਬ੍ਰਾਈਟ ਵ੍ਹਾਈਟ ਟਾਈਟੇਨੀਅਮ, ਨੈਚੁਰਲ ਟਾਈਟੇਨੀਅਮ ਅਤੇ ਨਵਾਂ ਡੇਜ਼ਰਟ ਟਾਈਟੇਨੀਅਮ ਸ਼ਾਮਲ ਹੈ

# ਅੰਦੋਲਨਕਾਰੀ ਡਾਕਟਰਾਂ ਦੀ ਹੜਤਾਲ ਖ਼ਤਮ; ਭਲਕੇ ਕੰਮ 'ਤੇ ਪਰਤਣਗੇ



ਪੱਛਮੀ ਬੰਗਾਲ ਸਰਕਾਰ ਅਤੇ ਅੰਦੋਲਨਕਾਰੀ ਡਾਕਟਰਾਂ ਵਿਚਾਲੇ ਕੁਝ ਮੰਗਾਂ ਨੂੰ ਲੈ ਕੇ ਬਣੀ ਸਹਿਮਤੀ ਮਗਰੋਂ ਅੱਜ ਦੇਰ ਰਾਤ ਡਾਕਟਰਾਂ ਨੇ ਅੰਸ਼ਕ ਤੌਰ 'ਤੇ ਹੜਤਾਲ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ। ਉਹ ਸ਼ਨਿਚਰਵਾਰ ਨੂੰ ਕੰਮ 'ਤੇ ਪਰਤ ਆਉਣਗੇ। ਇਸ ਦੇ ਨਾਲ ਹੀ ਡਾਕਟਰਾਂ ਨੇ ਕਿਹਾ ਕਿ ਆਰ ਜੀ ਕਰ ਹਸਪਤਾਲ 'ਚ ਮਹਿਲਾ ਡਾਕਟਰ ਨਾਲ ਜਬਰ-ਜਨਾਹ ਮਗਰੋਂ ਹੱਤਿਆ ਦੇ ਮਾਮਲੇ 'ਚ ਇਨਸਾਫ਼ ਦੀ ਮੰਗ ਨੂੰ ਲੈ ਕੇ ਉਨ੍ਹਾਂ ਦਾ ਪ੍ਰਦਰਸ਼ਨ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਬੰਗਾਲ 'ਚ ਸਰਕਾਰੀ ਹਸਪਤਾਲਾਂ 'ਚ ਐਮਰਜੈਂਸੀ ਅਤੇ ਜ਼ਰੂਰੀ ਸੇਵਾਵਾਂ ਅੰਸ਼ਕ ਤੌਰ 'ਤੇ ਬਹਾਲ ਕਰ ਦਿੱਤੀਆਂ ਜਾਣਗੀਆਂ। ਡਾਕਟਰਾਂ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ। ਇਸ ਤੋਂ ਪਹਿਲਾਂ ਉਨ੍ਹਾਂ ਪੱਛਮੀ ਬੰਗਾਲ ਸਰਕਾਰ ਨਾਲ ਹੋਈ ਗੱਲਬਾਤ ਦੇ ਅਹਿਮ ਨੁਕਤਿਆਂ ਦਾ ਖਰੜਾ ਮੁੱਖ ਸਕੱਤਰ ਮਨੋਜ ਪੰਤ ਨੂੰ ਭੇਜਿਆ ਸੀ ਜਿਸ ਦੇ ਜਵਾਬ ਮਗਰੋਂ ਹੜਤਾਲ ਖ਼ਤਮ ਕਰਨ ਦਾ ਮੁੱਢ ਬੱਝਾ। ਆਰ ਜੀ ਕਰ ਹਸਪਤਾਲ 'ਚ 9 ਅਗਸਤ ਨੂੰ ਟਰੇਨੀ ਡਾਕਟਰ ਦੀ ਹੱਤਿਆ ਮਗਰੋਂ ਵੱਖ ਵੱਖ ਮੰਗਾਂ ਨੂੰ ਲੈ ਕੇ ਜੂਨੀਅਰ ਡਾਕਟਰ ਪਿਛਲੇ 40 ਦਿਨਾਂ ਤੋਂ ਪ੍ਰਦਰਸ਼ਨ ਕਰ ਰਹੇ ਹਨ। ਪੱਛਮੀ ਬੰਗਾਲ ਮੈਡੀਕਲ ਕਾਊਂਸਿਲ ਨੇ ਮੈਡੀਕਲ ਕਾਲਜ ਦੇ ਸਾਬਕਾ ਪ੍ਰਿੰਸੀਪਲ ਸੰਦੀਪ ਘੋਸ਼ ਦੀ ਰਜਿਸਟਰੇਸ਼ਨ ਰੱਦ ਕਰ ਦਿੱਤੀ ਹੈ। ਘੋਸ਼ ਇਸ ਸਮੇਂ ਸੀਬੀਆਈ ਦੀ ਹਿਰਾਸਤ 'ਚ ਹੈ ਅਤੇ ਉਸ ਦਾ ਲਾਇਸੈਂਸ ਬੰਗਾਲ ਮੈਡੀਕਲ ਐਕਟ, 1914 ਦੀਆਂ ਵੱਖ ਵੱਖ ਧਾਰਾਵਾਂ ਤਹਿਤ ਰੱਦ ਕੀਤਾ ਗਿਆ ਹੈ। ਉਧਰ ਨਵੇਂ ਬਣੇ ਕੋਲਕਾਤਾ ਪੁਲੀਸ ਕਮਿਸ਼ਨਰ ਮਨੋਜ ਵਰਮਾ ਨੇ ਆਰ ਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਦਾ ਦੌਰਾ ਕਰਕੇ ਹਾਲਾਤ ਦਾ ਜਾਇਜ਼ਾ ਲਿਆ। ਉਹ ਹਸਪਤਾਲ ਅੰਦਰ ਕਰੀਬ ਅੱਧੇ ਘੰਟੇ ਤੱਕ ਰਹੇ ਅਤੇ ਵਾਰਦਾਤ ਵਾਲੀ ਥਾਂ ਦਾ ਦੌਰਾ ਵੀ ਕੀਤਾ। ਡਾਕਟਰਾਂ ਨੇ ਦੱਸਿਆ ਕਿ ਮੁੱਖ ਸਕੱਤਰ ਨੂੰ ਭੇਜੀ ਈਮੇਲ 'ਚ ਉਨ੍ਹਾਂ ਨੁਕਤਿਆਂ ਦੇ ਵੇਰਵੇ ਦਿੱਤੇ ਗਏ ਹਨ, ਜਿਨ੍ਹਾਂ 'ਤੇ ਦੋਵੇਂ ਧਿਰਾਂ ਵਿਚਕਾਰ ਚਰਚਾ ਹੋਈ ਸੀ। ਡਾਕਟਰਾਂ ਨੇ ਦੋਸ਼ ਲਾਇਆ ਸੀ ਕਿ ਸੂਬਾ ਸਰਕਾਰ ਨੇ ਮੀਟਿੰਗ ਦਾ ਲਿਖਤੀ ਬਿਉਰਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ।


# ਭਾਜਪਾ ਜੰਮੂ-ਕਸ਼ਮੀਰ ਦਾ ਸੂਬਾਈ ਰੁਤਬਾ ਬਹਾਲ ਕਰਨ ਦਾ ਵਾਅਦਾ ਪੂਰਾ ਕਰੇਗੀ: ਮੋਦੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਜੰਮੂ-ਕਸ਼ਮੀਰ ਦੇ ਲੋਕ ਜਮਹੂਰੀਅਤ ਦਾ ਜਸ਼ਨ ਮਨਾ ਰਹੇ ਹਨ ਅਤੇ ਨੌਜਵਾਨਾਂ ਦਾ ਲੋਕਤੰਤਰ ਵਿਚ ਭਰੋਸਾ ਬਹਾਲ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਜੰਮੂ-ਕਸ਼ਮੀਰ ਦਾ ਰਾਜ ਦਾ ਰੁਤਬਾ ਬਹਾਲ ਕਰਨ ਦਾ ਵਾਅਦਾ ਪੂਰਾ ਕੀਤਾ ਜਾਵੇਗਾ।



ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਦੇ ਗੱਠਜੋੜ 'ਤੇ ਗੁਆਂਢੀ ਮੁਲਕ ਪਾਕਿਸਤਾਨ ਦਾ ਏਜੰਡਾ ਲਾਗੂ ਕਰਨ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਧਰਤੀ ਦੀ ਕੋਈ ਵੀ ਤਾਕਤ ਜੰਮੂ ਕਸ਼ਮੀਰ 'ਚ ਧਾਰਾ 370 ਬਹਾਲ ਨਹੀਂ ਕਰ ਸਕਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਾਕਿਸਤਾਨ ਦਾ ਏਜੰਡਾ ਹਿੰਸਾ ਅਤੇ ਅਸ਼ਾਂਤੀ ਫੈਲਾਉਣਾ ਹੈ। ਪ੍ਰਧਾਨ ਮੰਤਰੀ ਨੇ ਇਹ ਜ਼ੁਬਾਨੀ ਹਮਲਾ ਉਸ ਸਮੇਂ ਕੀਤਾ ਜਦੋਂ ਪਾਕਿਸਤਾਨੀ ਰੱਖਿਆ ਮੰਤਰੀ ਖਵਾਜਾ ਆਸਿਫ਼ ਨੇ ਬਿਆਨ ਦਿੱਤਾ ਕਿ ਉਨ੍ਹਾਂ ਦਾ ਮੁਲਕ ਜੰਮੂ ਕਸ਼ਮੀਰ ਦੇ ਵਿਸ਼ੇਸ਼ ਦਰਜੇ ਅਤੇ ਸੂਬੇ ਦਾ ਰੁਤਬਾ ਬਹਾਲ ਕਰਨ ਦੇ ਮੁੱਦੇ 'ਤੇ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਨਾਲ ਹੈ। ਮੋਦੀ ਨੇ ਅੱਜ ਸ੍ਰੀਨਗਰ ਅਤੇ ਕਟੜਾ ਵਿਚ ਭਾਜਪਾ ਉਮੀਦਵਾਰਾਂ ਦੇ ਹੱਕ ਵਿਚ ਰੈਲੀਆਂ ਕੀਤੀਆਂ। ਕਾਂਗਰਸ, ਨੈਸ਼ਨਲ ਕਾਨਫਰੰਸ ਅਤੇ ਪੀਡੀਪੀ ਉਤੇ ਹਮਲਾ ਬੋਲਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਤਿੰਨ ਪਾਰਟੀਆਂ ਅਤੇ ਪਰਿਵਾਰਾਂ ਨੇ ਆਪਣੇ ਹਿੱਤਾਂ ਲਈ ਜਮਹੂਰੀਅਤ ਅਤੇ ਕਸ਼ਮੀਰੀਅਤ ਨੂੰ 'ਦਰੜਿਆ' ਹੈ।

ਉਨ੍ਹਾਂ ਲੋਕਾਂ ਨੂੰ ਖ਼ਬਰਦਾਰ ਕਰਦਿਆਂ ਕਿਹਾ ਕਿ ਕਾਂਗਰਸ ਨੂੰ ਮਿਲਣ ਵਾਲਾ ਹਰ ਵੋਟ ਨੈਸ਼ਨਲ ਕਾਨਫਰੰਸ ਅਤੇ ਪੀਡੀਪੀ ਦੇ ਚੋਣ ਮਨੋਰਥ ਪੱਤਰ ਨੂੰ ਲਾਗੂ ਕਰੇਗਾ। ਮੋਦੀ ਨੇ ਕਿਹਾ, "ਉਹ ਧਾਰਾ 370 ਬਹਾਲ ਕਰਨਗੇ ਅਤੇ ਹਿੰਸਾ ਤੇ ਖ਼ੂਨ-ਖ਼ਰਾਬੇ ਦਾ ਦੌਰ ਮੁੜ ਸ਼ੁਰੂ ਹੋ ਜਾਵੇਗਾ। ਇਥੋਂ ਦੇ ਲੋਕਾਂ 'ਚ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਦੇ ਗੱਠਜੋੜ 'ਚ ਭਾਵੇਂ ਕੋਈ ਜੋਸ਼ ਨਾ ਹੋਵੇ ਪਰ ਗੁਆਂਢੀ ਮੁਲਕ ਬਹੁਤ ਉਤਸ਼ਾਹਿਤ ਹੈ। ਉਨ੍ਹਾਂ ਦੀ ਬੱਲੇ-ਬੱਲੇ



# ਦਿੱਲੀ ਦੇ ਮੁੱਖ ਮੰਤਰੀ ਦੇ ਅਸਤੀਫ਼ਾ ਦੇਣ ਦੇ ਐਲਾਨ ਮਗਰੋਂ ਭਖੀ ਸਿਆਸਤ










ਨਵੀਂ ਦਿੱਲੀ: ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੋ ਦਿਨ ਬਾਅਦ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ। ਕੇਜਰੀਵਾਲ ਦੇ ਇਸ ਐਲਾਨ ਮਗਰੋਂ ਆਮ ਆਦਮੀ ਪਾਰਟੀ ਦੇ ਕਈ ਨੇਤਾਵਾਂ ਨੇ ਪ੍ਰਤੀਕਿਰਿਆ ਪ੍ਰਗਟਾਈ ਹੈ।

ਆਪ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਕਿਹਾ ਕਿ ਜਿਸ ਦੇਸ਼ ’ਚ ਕੋਈ ਕੌਂਸਲਰ ਦੇ ਅਹੁਦੇ ਤੋਂ ਵੀ ਅਸਤੀਫ਼ਾ ਨਹੀਂ ਦਿੰਦਾ, ਸਾਡੇ ਨੇਤਾ ਅਰਵਿੰਦ ਕੇਜਰੀਵਾਲ ਨੇ ਭ੍ਰਿਸ਼ਟਾਚਾਰ ਦੀ ਅਜ਼ਮਾਇਸ਼ ਦਾ ਸਾਹਮਣਾ ਕਰ ਕੇ ਹੀ ਮੁੱਖ ਮੰਤਰੀ ਦਾ ਅਹੁਦਾ ਛੱਡਣ ਦਾ ਫ਼ੈਸਲਾ ਕੀਤਾ ਹੈ। ਚੱਢਾ ਨੇ ਕਿਹਾ ਹੁਣ ਜਨਤਾ ਮੰਨੇਗੀ ਕਿ ਕੇਜਰੀਵਾਲ ਪੱਕੇ ਇਮਾਨਦਾਰ ਹਨ। ਉਨ੍ਹਾਂ ਕਿਹਾ ਕਿ ਉਸ ਨੂੰ ਅਜਿਹੀ ਪਾਰਟੀ ਦਾ ਵਰਕਰ ਹੋਣ ’ਤੇ ਮਾਣ ਹੈ।

ਦਿੱਲੀ ਦੇ ਮੰਤਰੀ ਸੌਰਭ ਭਾਰਦਵਾਜ ਨੇ ਕਿਹਾ ਕਿ ਤੁਹਾਨੂੰ ਦੁਨੀਆਂ ’ਚ ਅਜਿਹੀ ਮਿਸਾਲ ਨਹੀਂ ਮਿਲੇਗੀ ਕਿ ਕਿਸੇ ਮੁੱਖ ਮੰਤਰੀ ਨੇ ਅਦਾਲਤ ਤੋਂ ਜ਼ਮਾਨਤ ਲੈਣ ਤੋਂ ਬਾਅਦ ਖ਼ੁਦ ਫ਼ੈਸਲਾ ਕੀਤਾ ਹੋਵੇ ਕਿ ਅਦਾਲਤ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ ਹੈ, ਪਰ ਅਸਲ ਜ਼ਮਾਨਤ ਹੁਣ ਦਿਲੀ ਦੀ ਜਨਤਾ ਨੇ ਦੇਣੀ ਹੈ ਤਾਂ ਹੀ ਉਹ ਮੁੱਖ ਮੰਤਰੀ ਦੀ ਕੁਰਸੀ ’ਤੇ ਬੈਠਣਗੇ। ਦਿੱਲੀ ਦੇ ਲੋਕ ਪਿਛਲੀਆਂ ਤਿੰਨ ਵਿਧਾਨ ਸਭਾ ਚੋਣਾ ’ਚ ਭਾਜਪਾ ਨੂੰ ਵਿਰੋਧੀ ਧਿਰ ਵਜੋਂ ਵੋਟਾਂ ਦੇ ਰਹੇ ਹਨ। ਵਿਧਾਨ ਸਭਾ ਦੀਆਂ ਅੱਠ ਸੀਟਾਂ ਦੇ ਰਹੇ ਹਨ, ਇਸ ਲਈ ਭਾਜਪਾ ਸੱਚਾਈ ਜਾਣਦੀ ਹੈ ਕਿ ਅਰਵਿੰਦ ਕੇਜਰੀਵਾਲ ਲਈ ਮੁੱਖ ਮੰਤਰੀ ਦੀ ਕੁਰਸੀ ਇੰਤਜ਼ਾਰ ਕਰੇਗੀ। ਦਿੱਲੀ ਦੇ ਸੈਰ-ਸਪਾਟਾ ਮੰਤਰੀ ਕੈਲਾਸ਼ ਗਹਿਲੋਤ ਨੇ ਕਿਹਾ ਕਿ ਅਸੀਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਸਹਿਮਤ ਹਾਂ। ਕੇਜਰੀਵਾਲ ਨੇ ਲੋਕਾਂ ਦਾ ਪਿਆਰ, ਸਤਿਕਾਰ ਅਤੇ ਅਸ਼ੀਰਵਾਦ ਹਾਸਿਲ ਕੀਤਾ ਹੈ। ਉਨ੍ਹਾਂ ਨੇ ਇਹ ਫ਼ੈਸਲਾ ਦਿੱਲੀ ਦੇ ਲੋਕਾਂ ’ਤੇ ਛੱਡ ਦਿੱਤਾ ਹੈ ਕਿ ਉਹ ਇਮਾਨਦਾਰ ਹਨ ਜਾਂ ਨਹੀਂ ਅਤੇ ਪਾਰਟੀ ਇਮਾਨਦਾਰ ਹੈ ਜਾਂ ਨਹੀਂ।

ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਆਪ ਨੂੰ ਤਬਾਹ ਕਰਨ ਦੇ ਮਕਸਦ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਪਰ ਭਾਜਪਾ ਇਸ ’ਚ ਅਸਫ਼ਲ ਰਹੀ। ਹੁਣ ਕੇਜਰੀਵਾਲ ਜਨਤਾ ’ਚ ਜਾ ਰਹੇ ਹਨ, ਜਨਤਾ ਤੋਂ ਸਰਟੀਫ਼ਿਕੇਟ ਲੈਣਗੇ। ਦਿੱਲੀ ਦੇ ਲੋਕ ਫ਼ੈਸਲਾ ਕਰਨਗੇ ਕਿ ਉਹ ਇਮਾਨਦਾਰ ਹਨ ਜਾਂ ਦੋਸ਼ੀ। ਕੇਜਰੀਵਾਲ ਭਾਰੀ ਬਹੁਮਤ ਨਾਲ ਜਨਤਾ ਦਾ ਸਰਟੀਫ਼ਿਕੇਟ ਲੈ ਕੇ ਆਉਣਗੇ। ਅਰਵਿੰਦ ਕੇਜਰੀਵਾਲ ਨੇ ਦਿੱਲੀ ਵਾਸੀਆਂ ਦੀ ਇਮਾਨਦਾਰੀ ਨਾਲ ਸੇਵਾ ਕੀਤੀ ਹੈ।

**ਵਿਰੋਧੀਆਂ ਨੇ ਦਸਿਆ ਡਰਾਮੇਬਾਜ਼ੀ**

ਮੁੱਖ ਮੰਤਰੀ ਕੇਜਰੀਵਾਲ ਵੱਲੋਂ ਦੋ ਦਿਨ ਮਗਰੋਂ ਅਹੁਦੇ ਤੋਂ ਅਸਤੀਫ਼ਾ ਦੇਣ ਦੇ ਐਲਾਨ ਮਗਰੋਂ ਭਾਜਪਾ ਅਤੇ ਕਾਂਗਰਸ ਦੇ ਆਗੂਆਂ ਨੇ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਭਾਜਪਾ ਦਿੱਲੀ ਵਲੋਂ X ’ਤੇ ਸ਼ੇਅਰ ਕੀਤੇ ਗਏ ਵੀਡੀਓ ’ਚ ਪਾਰਟੀ ਨੇ ਅਰਵਿੰਦ ਕੇਜਰੀਵਾਲ ਦੀ ਜ਼ਮਾਨਤ ਦੀਆਂ ਸ਼ਰਤਾਂ ਨੂੰ ਉਜਾਗਰ ਕੀਤਾ। ਉਨ੍ਹਾਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਅਦਾਲਤ ਦੀਆਂ ਸ਼ਰਤਾਂ ਨੂੰ ਨੇੜਿਓਂ ਦੇਖਣ ਨਾਲ ਜਸ਼ਨ ਲਈ ਬਹੁਤ ਘੱਟ ਜਗ੍ਹਾ ਬਚਦੀ ਹੈ। ਭਾਜਪਾ ਦੇ ਰਾਸ਼ਟਰੀ ਬੁਲਾਰੇ ਪ੍ਰਦੀਪ ਭੰਡਾਰੀ ਨੇ ਇਸ ਨੂੰ ਇੱਕ PR ਸਟੰਟ ਕਰਾਰ ਦਿੱਤਾ। ਭੰਡਾਰੀ ਨੇ ਦਾਅਵਾ ਕੀਤਾ ਕਿ ਕੇਜਰੀਵਾਲ ਜਨਤਾ ਦੀ ਧਾਰਨਾ ’ਚ ਤਬਦੀਲੀ ਤੋਂ ਜਾਣੂ ਹਨ ਕਿਉਂਕਿ ਦਿੱਲੀ ਵਾਸੀ ਹੁਣ ਉਨ੍ਹਾਂ ਨੂੰ ਇਮਾਨਦਾਰ ਨੇਤਾ ਵਜੋਂ ਨਹੀਂ ਦੇਖਦੇ ਸਗੋਂ ਭ੍ਰਿਸ਼ਟਾਚਾਰ ਨਾਲ ਦਾਗੀ ਵਿਅਕਤੀ ਵਜੋਂ ਦੇਖਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਆਪ ਨੂੰ ਹੁਣ ਦੇਸ਼ ਭਰ ’ਚ ਭ੍ਰਿਸ਼ਟ ਸੰਗਠਨ ਵਜੋਂ ਦੇਖਿਆ ਜਾ ਰਿਹਾ ਹੈ। ਭਾਜਪਾ ਦੇ ਹਰੀਸ਼ ਖੁਰਾਣਾ ਨੇ ਕਿਹਾ ਕਿ ਜੇ ਕੇਜਰੀਵਾਲ ਸੱਚਮੁੱਚ ਅਸਤੀਫ਼ਾ ਦੇਣਾ ਚਾਹੁੰਦੇ ਸਨ ਤਾਂ ਉਨ੍ਹਾਂ ਨੂੰ ਦੇਣਾ ਚਾਹੀਦਾ ਸੀ। ਇਹ ਮਹਿਜ਼ ਡਰਾਮਾ ਹੈ। ਕੇਜਰੀਵਾਲ ਜ਼ਮਾਨਤ ’ਤੇ ਆਏ, ਬਰੀ ਨਹੀਂ ਹੋਏ ਅਤੇ ਅਜੇ ਵੀ ਸੁਣਵਾਈ ਚੱਲ ਰਹੀ ਹੈ।

# ਅੱਤਵਾਦ ਨੂੰ ਇੰਨਾ ਡੂੰਘਾ ਦ.ਫ਼ਨ ਕਰਾਂਗੇ ਕਿ ਇਹ ਕਦੇ ਬਾਹਰ ਨਾ ਆ ਸਕੇ: ਸ਼ਾਹ

ਗੁਲਾਬਗੜ੍ਹ – ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਨੂੰ ਕਿਹਾ ਕਿ ਜੰਮੂ-ਕਸ਼ਮੀਰ ’ਚ ਅੱਤਵਾਦ ਨੂੰ ਮੁੜ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਇਸ ਨੂੰ ਇੰਨਾ ਹੇਠਾਂ ਦੱਬ ਦਿੱਤਾ ਜਾਵੇਗਾ ਕਿ ਸ਼ਾਇਦ ਕਦੇ ਬਾਹਰ ਨਾ ਆ ਸਕੇ। ਸ਼ਾਹ ਨੇ ਕਿਸ਼ਤਵਾੜ ’ਚ ਇਕ ਜਨ ਸਭਾ ’ਚ ਦਾਅਵਾ ਕੀਤਾ ਕਿ ਨੈਸ਼ਨਲ ਕਾਨਫਰੰਸ (ਐੱਨ.ਸੀ.) ਅਤੇ ਕਾਂਗਰਸ ਦਾ ਗਠਜੋੜ ਜੰਮੂ-ਕਸ਼ਮੀਰ ’ਚ ਸਰਕਾਰ ਨਹੀਂ ਬਣਾ ਸਕੇਗਾ। ਸ਼ਾਹ ਨੇ ਇੱਥੇ ਪਦੇਰ-ਨਾਗਸੇਨੀ ਵਿਧਾਨ ਸਭਾ ਖੇਤਰ ’ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਅਤੇ ਸਾਬਕਾ ਮੰਤਰੀ ਸੁਨੀਲ ਸ਼ਰਮਾ ਦੇ ਸਮਰਥਨ ’ਚ ਇੱਥੇ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, ‘ਅਸੀਂ ਅੱਤਵਾਦ ਨੂੰ ਇੰਨਾ ਹੇਠਾਂ ਦਫ਼ਨ ਕਰ ਦੇਵਾਂਗੇ ਕਿ ਇਹ ਕਦੇ ਬਾਹਰ ਨਹੀਂ ਆ ਸਕੇ।’ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਦੇ ਮੈਨੀਫੈਸਟੋ ’ਚ ਅੱਤਵਾਦ ਨੂੰ ਮੁੜ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਇਹ ਮੋਦੀ ਸਰਕਾਰ ਹੈ ਅਤੇ ਕਿਸੇ ਦੀ ਇੰਨੀ ਹਿੰਮਤ ਨਹੀਂ ਹੈ ਕਿ ਉਹ ਜੰਮੂ ਕਸ਼ਮੀਰ ’ਚ ਅੱਤਵਾਦ ਨੂੰ ਮੁੜ ਮਜ਼ਬੂਤ ਕਰ ਸਕੇ।” ਗ੍ਰਹਿ ਮੰਤਰੀ ਨੇ ਕਿਹਾ,”ਇਹ ਚੋਣਾਂ 2 ਤਾਕਤਾਂ ਦਰਮਿਆਨ ਹਨ, ਇਕ ਪਾਸੇ ਨੈਸ਼ਨਲ ਕਾਨਫਰੰਸ ਤੇ ਪੀ.ਡੀ.ਪੀ. (ਪੀਪਲਜ਼ ਡੈਮੋਕ੍ਰੇਟਿਕ ਪਾਰਟੀ) ਅਤੇ ਦੂਜੇ ਪਾਸੇ ਭਾਜਪਾ। ਨੈਕਾਂ-ਕਾਂਗਰਸ ਕਹਿ ਰਹੀ ਹੈ ਕਿ ਜੇਕਰ ਅਸੀਂ ਸਰਕਾਰ ਬਣਾਉਂਦੇ ਹਾਂ ਤਾਂ ਅਸੀਂ ਧਾਰਾ 370 ਨੂੰ ਬਹਾਲ ਕਰਾਂਗੇ। ਮੈਨੂੰ ਦੱਸੋ ਕਿ ਕੀ ਇਸ ਨੂੰ ਬਹਾਲ ਕੀਤਾ ਜਾਣਾ ਚਾਹੀਦਾ ? ਬਾਜਪਾ ਨੇ ਪਹਾੜੀ ਅਤੇ ਗੁੱਜਰ ਭਾਈਚਾਰਿਆਂ ਤੇ ਹੋਰ ਲੋਕਾਂ ਨੂੰ ਜੋ ਰਾਖਵਾਂਕਰਨ ਦਿੱਤਾ ਹੈ, ਇਸ ਨੂੰ ਖੋਹ ਲਿਆ ਜਾਵੇਗਾ।” ਉਨ੍ਹਾਂ ਕਿਹਾ,”ਚਿੰਤਾ ਨਾ ਕਰੋ। ਮੈਂ ਕਸ਼ਮੀਰ ’ਚ ਸਥਿਤੀ ਦੇਖ ਰਿਹਾ ਹਾਂ ਅਤੇ ਭਰੋਸਾ ਰੱਖੋ, ਜੰਮੂ ਕਸ਼ਮੀਰ ’ਚ ਨਾ ਤਾਂ ਫਾਰੂਕ ਅਬਦੁੱਲਾ ਦੀ ਪਾਰਟੀ ਦੀ ਸਰਕਾਰ ਬਣ ਰਹੀ ਹੈ ਅਤੇ ਨਾ ਹੀ ਰਾਹੁਲ ਗਾਂਧੀ ਦੀ ਪਾਰਟੀ ਦੀ।” ਇਹ ਗ੍ਰਹਿ ਮੰਤਰੀ ਦਾ ਇਕ ਪੰਦਰਵਾੜੇ ਦੇ ਅੰਦਰ ਜੰਮੂ ਖੇਤਰ ਦਾ ਦੂਜਾ ਦੌਰ ਸੀ। ਇਸ ਤੋਂ ਪਹਿਲੇ 6 ਅਤੇ 7 ਸਤੰਬਰ ਨੂੰ ਜੰਮੂ ਦੇ ਆਪਣੇ 2 ਦਿਨਾ ਦੌਰੇ ’ਚ ਉਨ੍ਹਾਂ ਨੇ ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਲਈ ਭਾਜਪਾ ਦਾ ਮੈਨੀਫੈਸਟੋ ਜਾਰੀ ਕੀਤਾ ਸੀ ਅਤੇ ਵਰਕਰਾਂ ਦੇ ਇਕ ਸੰਮੇਲਨ ਨੂੰ ਸੰਬੋਧਨ ਕੀਤਾ ਸੀ। ਸੋਮਵਾਰ ਨੂੰ 24 ਵਿਧਾਨ ਸਭਾ ਖੇਤਰਾਂ ’ਚ ਪ੍ਰਚਾਰ ਦਾ ਆਖ਼ਰੀ ਦਿਨ ਹੈ। ਇਨ੍ਹਾਂ ਖੇਤਰਾਂ ’ਚ ਪਦੇਰ-ਨਾਗਸੇਨੀ ਵੀ ਸ਼ਾਮਲ ਹਨ। ਇਨ੍ਹਾਂ ਖੇਤਰਾਂ ’ਚ 18 ਸਤੰਬਰ ਨੂੰ ਪਹਿਲੇ ਪੜਾਅ ’ਚ ਵੋਟਿੰਗ ਹੋਵੇਗੀ।

# ਜੰਮੂ-ਕਸ਼ਮੀਰ ਦੀਆਂ ਵਿਧਾਨ ਸਭਾ ਚੋਣਾਂ ਤਿੰਨ ਰਾਜਵੰਸ਼ਾਂ ਅਤੇ ਸੂਬੇ ਦੇ ਨੌਜਵਾਨਾਂ ਵਿਚਕਾਰ: ਮੋਦੀ

ਜੰਮੂ- ਜੰਮੂ-ਕਸ਼ਮੀਰ ’ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੋਡਾ ਰੈਲੀ ’ਚ ਮਹਿਬੂਬਾ ਮੁਫਤੀ ਅਤੇ ਉਮਰ ਅਬਦੁੱਲਾ ’ਤੇ ਤਿੱਖਾ ਨਿਸ਼ਾਨਾ ਸਾਧਿਆ। ਪੀ.ਐਮ. ਮੋਦੀ ਨੇ ਮੰਚ ਤੋਂ ਜੋ ਵੀ ਕਿਹਾ, ਉਸ ਨੇ ਇਨ੍ਹਾਂ ਚੋਣਾਂ ਵਿੱਚ ਕਸ਼ਮੀਰ ਦੇ ਦੋਵਾਂ ਵੱਡੇ ਪਰਿਵਾਰਾਂ ਦੇ ਸਿਆਸੀ ਇਰਾਦਿਆਂ ਨੂੰ ਢਾਹ ਲਾਈ ਹੈ। ਉਮਰ ਅਬਦੁੱਲਾ ਨੇ ਹਾਲ ਹੀ ਵਿੱਚ ਬਿਆਨ ਦਿੱਤਾ ਸੀ ਕਿ ਉਹ ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਯਕੀਨੀ ਬਣਾਉਣਗੇ।

ਮਹਿਬੂਬਾ ਧਾਰਾ 370 ਹਟਾਉਣ ਨੂੰ ਲੈ ਕੇ ਵੀ ਬੀ.ਜੇ.ਪੀ. ਦੇ ਖਿਲਾਫ ਭੜਾਸ ਕੱਢਦੀ ਰਹੀ ਹੈ। ਰੈਲੀ ਦੌਰਾਨ ਪ੍ਰਧਾਨ ਮੰਤਰੀ ਨੇ ਖੁਦ ਕਿਹਾ ਕਿ ਉਹ ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਲਈ ਕੰਮ ਕਰਨਗੇ। ਪੀ.ਐਮ. ਨੇ ਇਸ ਨੂੰ ਮੋਦੀ ਦੀ ਗਾਰੰਟੀ ਕਿਹਾ। ਪੀ.ਐਮ. ਨੇ ਮੰਚ ਤੋਂ ਕਿਹਾ, ‘ਜੰਮੂ-ਕਸ਼ਮੀਰ ਵਿੱਚ ਰਹਿਣ ਵਾਲਾ ਕੋਈ ਵੀ ਵਿਅਕਤੀ, ਧਰਮ ਜਾਂ ਵਰਗ ਦੇ ਬਾਵਜੂਦ, ਤੁਹਾਡੇ ਸਾਰੇ ਅਧਿਕਾਰਾਂ ਦੀ ਰੱਖਿਆ ਕਰਨਾ ਭਾਜਪਾ ਦੀ ਤਰਜੀਹ ਹੈ। ਇਹ ਮੋਦੀ ਦੀ ਗਾਰੰਟੀ ਹੈ। ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਦੇਣ ਦਾ ਕੰਮ ਵੀ ਭਾਜਪਾ ਸਰਕਾਰ ਕਰੇਗੀ, ਪਰ ਤੁਹਾਨੂੰ ਅਜਿਹੇ ਲੋਕਾਂ ਤੋਂ ਸਾਵਧਾਨ ਰਹਿਣਾ ਪਵੇਗਾ, ਜੋ ਆਪਣੇ ਸਵਾਰਥ ਲਈ ਤੁਹਾਡੇ ਹੱਕਾਂ ਨੂੰ ਖੋਹ ਰਹੇ ਹਨ। ਤੁਹਾਨੂੰ ਦੱਸ ਦੇਈਏ ਕਿ ਇਨ੍ਹਾਂ ਚੋਣਾਂ ’ਚ ਮਹਿਬੂਬਾ ਮੁਫਤੀ ਅਤੇ ਉਮਰ ਅਬਦੁੱਲਾ ਘਾਟੀ ’ਚੋਂ ਧਾਰਾ 370 ਹਟਾਉਣ ਨੂੰ ਸਭ ਤੋਂ ਵੱਡਾ ਮੁੱਦਾ ਬਣਾ ਰਹੇ ਹਨ। ਇਸ ਮੁੱਦੇ ’ਤੇ ਦੋਵੇਂ ਪਾਰਟੀਆਂ ਆਪਣੇ ਆਪ ਨੂੰ ਲੋਕਾਂ ਦੇ ਸਭ ਤੋਂ ਵੱਡੇ ਸ਼ੁਭਚਿੰਤਕ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਪ੍ਰਧਾਨ ਮੰਤਰੀ ਨੇ ਖੁਦ ਰੈਲੀ ਵਿੱਚ ਮੰਨਿਆ ਕਿ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਪੂਰਨ ਰਾਜ ਦਾ ਦਰਜਾ ਮਿਲਣ ਦਾ ਅਧਿਕਾਰ ਹੈ। ਪੀ.ਐਮ. ਨੇ ਕਿਹਾ,‘ਇਸ ਵਾਰ ਜੰਮੂ-ਕਸ਼ਮੀਰ ਦੀਆਂ ਵਿਧਾਨ ਸਭਾ ਚੋਣਾਂ ਤਿੰਨ ਰਾਜਵੰਸ਼ਾਂ ਅਤੇ ਜੰਮੂ-ਕਸ਼ਮੀਰ ਦੇ ਨੌਜਵਾਨਾਂ ਵਿਚਕਾਰ ਹਨ। ਇੱਕ ਪਰਿਵਾਰ ਕਾਂਗਰਸ ਦਾ, ਇੱਕ ਪਰਿਵਾਰ ਨੈਸ਼ਨਲ ਕਾਨਫਰੰਸ ਦਾ, ਇੱਕ ਪਰਿਵਾਰ ਪੀ.ਡੀ.ਪੀ. ਇਨ੍ਹਾਂ ਤਿੰਨਾਂ ਪਰਿਵਾਰਾਂ ਨੇ ਮਿਲ ਕੇ ਜੰਮੂ-ਕਸ਼ਮੀਰ ਦੇ ਲੋਕਾਂ ਨਾਲ ਜੋ ਕੀਤਾ ਹੈ, ਉਹ ਕਿਸੇ ਪਾਪ ਤੋਂ ਘੱਟ ਨਹੀਂ ਹੈ।

INDO US
EXPRESS, INC.

INDO US EXPRESS, INC.

Worldwide Couriers / Freight Forwarders
Domestic Rush Delivery / Import / Export
Custom Clearance / Trading Consultant

Gurinder Singh
CEO

SALES OFFICE
224 West 30th St., #604, New York, NY 10001
Mail: P.O. Box 7304, Hicksville, NY 11802

Office: 212.447.5720 Fax: 516.932.3750
Delhi: 98.1849.0552
Mumbai: 92.2453.1807
New York: 347.538.7041

Visit US Online: www.indousexpress.com
Email: indousexpress@gmail.com

# ਭਾਰਤੀ ਮੂਲ ਦੇ ਪੰਜ ਵਿਅਕਤੀਆਂ ’ਤੇ ਕਾਰ ਚੜ੍ਹਾ ਕੇ ਮਾਰਨ ਦੇ ਦੋਸ਼ ’ਚੋਂ ਚਾਲਕ ਬਰੀ

ਨੇੜਲੇ ਖੇਤਰੀ ਸ਼ਹਿਰ ਬੈਲਾਰਾਟ ਦੀ ਅਦਾਲਤ ਨੇ ਪਿਛਲੇ ਸਾਲ ਭਾਰਤੀ ਮੂਲ ਦੇ ਦੋ ਪਰਿਵਾਰਾਂ ਦੇ ਪੰਜ ਮੈਂਬਰਾਂ ’ਤੇ ਕਾਰ ਚੜ੍ਹਾਉਣ ਦੇ ਮਾਮਲੇ ਵਿੱਚ ਕਾਰ ਦੇ ਚਾਲਕ ਨੂੰ ਅੱਜ ਬਰੀ ਕਰ ਦਿੱਤਾ। ਇਸ ਘਟਨਾ ਵਿੱਚ ਪੰਜ ਜਣਿਆਂ ਦੀ ਮੌਤ ਹੋ ਗਈ ਸੀ।

ਵਿਕਟੋਰੀਆ ਵਿੱਚ ਪਿਛਲੇ ਸਾਲ ਨਵੰਬਰ ’ਚ ਭਾਰਤੀ ਮੂਲ ਦੇ ਦੋ ਪਰਿਵਾਰ ਰੈਸਤਰਾਂ ਦੇ ਬਾਹਰ ਬੈਠੇ ਸਨ। ਇਸ ਦੌਰਾਨ ਡਰਾਈਵਰ ਵਿਲੀਅਮ ਸਵੈੱਲ (66) ਨੇ ਇਨ੍ਹਾਂ ਪਰਿਵਾਰਾਂ ’ਤੇ ਕਾਰ ਚੜ੍ਹਾ ਦਿੱਤੀ ਸੀ। ਇਸ ਹਾਦਸੇ ਵਿੱਚ ਭਾਰਤੀ ਮੂਲ ਦੇ ਪੰਜ ਜਣਿਆਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਵਿੱਚ ਦੋ ਬੱਚੇ ਵੀ ਸ਼ਾਮਲ ਸਨ। ਤਿੰਨ ਦਿਨਾਂ ਤੱਕ ਚੱਲੀ ਮਾਮਲੇ ਦੀ ਸੁਣਵਾਈ ’ਚ ਬਚਾਅ ਪੱਖ ਇਹ ਸਾਬਿਤ ਕਰਨ ਵਿੱਚ ਸਫਲ ਰਿਹਾ ਕਿ ਹਾਦਸੇ ਵੇਲੇ ਕਥਿਤ ਮੁਲਜ਼ਮ ਦੀ ਬਲੱਡ ਸ਼ੂਗਰ ਅਚਾਨਕ ਇਕਦਮ ਘੱਟ ਗਈ ਸੀ, ਜਿਸ ਕਰ ਕੇ ਉਹ ਕਾਰ ਤੋਂ ਕੰਟਰੋਲ ਗੁਆ ਬੈਠਾ। ਘਟਨਾ ਮਗਰੋਂ ਪੁਲੀਸ ਨੇ ਕਥਿਤ ਦੋਸ਼ੀ ’ਤੇ ਵੱਖ- ਵੱਖ ਧਾਰਾਵਾਂ ਤਹਿਤ 14 ਦੋਸ਼ ਆਇਦ ਕੀਤੇ ਸਨ ਪਰ ਬਚਾਅ ਪੱਖ ਦੀਆਂ ਦਲੀਲਾਂ ਤੇ ਪੇਸ਼ ਕੀਤੇ ਗਏ ਸਬੂਤਾਂ ਦੇ ਆਧਾਰ ’ਤੇ ਜੱਜ ਨੇ ਕਥਿਤ ਦੋਸ਼ੀ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਸੁਣਵਾਈ ਦੌਰਾਨ ਜੱਜ ਨੇ ਕਿਹਾ ਕਿ ਘਟਨਾ ਦੇ ਸਮੇਂ ਕਥਿਤ ਦੋਸ਼ੀ ਦੀ ਹਾਲਤ ਖੁਦ ਦੇ ਵੱਸੋਂ ਬਾਹਰ ਹੋ ਗਈ ਸੀ। ਇਸ ਹਾਦਸੇ ਵਿੱਚ ਪ੍ਰਤਿਭਾ ਸ਼ਰਮਾ (44), ਉਸ ਦੀ ਧੀ ਅਨਵੀ (9) ਤੇ ਪਤੀ ਜਤਿਨ ਕੁਮਾਰ 30 ਦੀ ਮੌਤ ਹੋ ਗਈ ਸੀ। ਇਸੇ ਤਰ੍ਹਾਂ ਦੂਜੇ ਪਰਿਵਾਰ ਦੇ ਵਿਵੇਕ ਭਾਟੀਆ (38) ਤੇ ਉਸ ਦੇ ਪੁੱਤਰ ਵਿਹਾਨ (11) ਦੀ ਵੀ ਮੌਤ ਹੋ ਗਈ ਸੀ, ਜਦਕਿ ਹੋਰ ਪਰਿਵਾਰਕ ਮੈਂਬਰ ਤੇ ਛੋਟਾ ਬੱਚਾ ਗੰਭੀਰ ਜ਼ਖ਼ਮੀ ਹੋ ਗਏ ਸਨ।

# ਸ਼ੇਖ ਹਸੀਨਾ ਖਿਲਾਫ਼ ਕਤਲ ਦੀ ਕੋਸ਼ਿਸ਼ ਦਾ ਕੇਸ ਦਰਜ

ਢਾਕਾ : ਬੰਗਲਾਦੇਸ਼ ਦੀ ਗੱਦੀਓਂ ਲਾਂਭੇ ਕੀਤੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ (76) ਅਤੇ 58 ਹੋਰਨਾਂ ਖ਼ਿਲਾਫ਼ ਦੇਸ਼ ’ਚ ਪਿਛਲੇ ਮਹੀਨੇ ਹਿੰਸਕ ਝੜਪਾਂ ਦੌਰਾਨ ਇੱਕ ਵਿਦਿਆਰਥੀ ਦੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਮੀਡੀਆ ਦੀ ਇੱਕ ਖ਼ਬਰ ’ਚ ਅੱਜ ਇਹ ਜਾਣਕਾਰੀ ਦਿੱਤੀ ਗਈ।



ਸਰਕਾਰੀ ਨੌਕਰੀਆਂ ’ਚ ਕੋਟਾ ਪ੍ਰਣਾਲੀ ਖ਼ਿਲਾਫ਼ ਵਿਦਿਆਰਥੀਆਂ ਦੇ ਵੱਡੇ ਪੱਧਰ ’ਤੇ ਪ੍ਰਦਰਸ਼ਨਾਂ ਕਾਰਨ ਸ਼ੇਖ ਹਸੀਨਾ 5 ਅਗਸਤ ਨੂੰ ਅਸਤੀਫ਼ਾ ਦੇਣ ਮਗਰੋਂ ਭਾਰਤ ਚਲੇ ਗਈ ਸੀ, ਜਿਸ ਖ਼ਿਲਾਫ਼ ਇਹ ਨਵਾਂ ਕੇਸ ਦਰਜ ਕੀਤਾ ਗਿਆ ਹੈ। ਹਸੀਨਾ ਖ਼ਿਲਾਫ਼ ਪਹਿਲਾਂ ਵੀ ਕਈ ਕੇਸ ਦਰਜ ਕੀਤੇ ਜਾ ਚੁੱਕੇ ਹਨ। ਅਖ਼ਬਾਰ ‘ਦਿ ਡੇਲੀ ਸਟਾਰ’ ਦੀ ਖ਼ਬਰ ਮੁਤਾਬਕ ਫ਼ਾਹੀਮ ਫੈਸਲ (22) ਵੱਲੋਂ ਇਹ ਕੇਸ ਸ਼ੁੱਕਰਵਾਰ ਨੂੰ ਦਰਜ ਕਰਵਾਇਆ ਗਿਆ ਜਿਸ ਵਿੱਚ ਉਸ ਨੇ ਦਾਅਵਾ ਕੀਤਾ ਹੈ ਕਿ ਹਸੀਨਾ ਦੀ ਅਗਵਾਈ ਵਾਲੀ ਆਵਾਮੀ ਲੀਗ ਸਰਕਾਰ ਡਿੱਗਣ ਤੋਂ ਇੱਕ ਦਿਨ ਪਹਿਲਾਂ 4 ਅਗਸਤ ਨੂੰ ਦਿਨਾਜਪੁਰ ’ਚ ਸਰਕਾਰ ਵਿਰੋਧੀ ਪ੍ਰਦਰਸ਼ਨ ਦੌਰਾਨ ਗੋਲੀ ਲੱਗਣ ਕਾਰਨ ਉਹ ਜ਼ਖ਼ਮੀ ਹੋ ਗਿਆ। ਕਤਲ ਦੀ ਕੋਸ਼ਿਸ਼ ਦੇ ਦੋਸ਼ ਹੇਠ ਦਰਜ ਇਸ ਨਵੇਂ ਕੇਸ ’ਚ 59 ਮੁਲਜ਼ਮਾਂ ’ਚ ਹਸੀਨਾ, ਸਾਬਕਾ ਵ੍ਹਿਪ ਇਕਬਾਲੁਰ ਰਹੀਮ ਅਤੇ ਦਿਨਾਜਪੁਰ ਸਦਰ ਉਪ ਜ਼ਿਲ੍ਹਾ ਚੇਅਰਮੈਨ ਇਮਾਦ ਸਰਕਾਰ ਸ਼ਾਮਲ ਹਨ। ਖ਼ਬਰ ਮੁਤਾਬਕ ਇਸ ਨਾਲ ਸ਼ੇਖ ਹਸੀਨਾ ਖ਼ਿਲਾਫ਼ ਦਰਜ ਕੇਸਾਂ ਦੀ ਗਿਣਤੀ 155 ਹੋ ਗਈ ਹੈ ਜਿਸ ਵਿੱਚ ਕਤਲ ਦੇ 136, ਮਨੁੱਖਤਾ ਖ਼ਿਲਾਫ਼ ਅਪਰਾਧ ਤੇ ਨਸਲਕੁਸ਼ੀ ਦੇ ਸੱਤ, ਅਗਵਾ ਦੇ ਤਿੰਨ, ਹੱਤਿਆ ਦੀ ਕੋਸ਼ਿਸ਼ ਦੇ ਅੱਠ ਅਤੇ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੇ ਜਲੂਸ ’ਤੇ ਹਮਲੇ ਸਬੰਧੀ ਇੱਕ ਕੇਸ ਸ਼ਾਮਲ ਹੈ।

# ਸਿੰਧ ਜਲ ਸੰਧੀ ਦੀਆਂ ਸ਼ਰਤਾਂ ਦੀ ਪਾਲਣਾ ਕਰੇ ਭਾਰਤ: ਪਾਕਿਸਤਾਨ

ਭਾਰਤ ਵੱਲੋਂ ਸਿੰਧ ਜਲ ਸੰਧੀ ਦੀ ਨਜ਼ਰਸਾਨੀ ਲਈ ਪਾਕਿਸਤਾਨ ਨੂੰ ਰਸਮੀ ਨੋਟਿਸ ਦਿੱਤੇ ਜਾਣ ਮਗਰੋਂ ਪਾਕਿਸਤਾਨ ਨੇ ਕਿਹਾ ਕਿ ਉਹ ਸਮਝੌਤੇ ਨੂੰ ਅਹਿਮ ਸਮਝਦਾ ਹੈ ਅਤੇ ਆਸ ਜਤਾਈ ਕਿ ਭਾਰਤ ਵੀ ਸੰਧੀ ਦੀਆਂ ਸ਼ਰਤਾਂ ਦੀ ਪਾਲਣਾ ਕਰੇਗਾ। ਭਾਰਤ ਵੱਲੋਂ ਦਿੱਤੇ ਨੋਟਿਸ ’ਤੇ ਵਿਦੇਸ਼ ਦਫ਼ਤਰ ਦੀ ਤਰਜਮਾਨ ਮੁਮਤਾਜ਼ ਜ਼ਾਹਰਾ ਬਲੋਚ ਨੇ ਕਿਹਾ ਕਿ ਦੋਵੇਂ ਮੁਲਕਾਂ ’ਚ ਸਿੰਧ ਜਲ ਕਮਿਸ਼ਨਰਾਂ ਦਾ ਤੰਤਰ ਹੈ ਅਤੇ ਸੰਧੀ ਬਾਰੇ ਸਾਰੇ ਮੁੱਦੇ ਉਥੇ ਵਿਚਾਰ ਜਾ ਸਕਦੇ ਹਨ। ਉਸ ਨੇ ਕਿਹਾ ਕਿ ਸੰਧੀ ਬਾਰੇ ਸਾਰੇ ਖ਼ਦਸ਼ਿਆਂ ਦਾ ਹੱਲ ਸਮਝੌਤੇ ਦੀਆਂ ਸ਼ਰਤਾਂ ਤਹਿਤ ਹੀ ਹੋਣਾ ਚਾਹੀਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਵਿਦੇਸ਼ ਦਫ਼ਤਰ ਦੀ ਤਰਜਮਾਨ ਦੇ ਜਵਾਬ ਤੋਂ ਜਾਪਦਾ ਹੈ ਕਿ ਪਾਕਿਸਤਾਨ ਸਮਝੌਤੇ ’ਚ



ਸੋਧ ਨਹੀਂ ਚਾਹੁੰਦਾ ਹੈ। ਭਾਰਤ ਨੇ ਸਿੰਧ ਜਲ ਸੰਧੀ ’ਚ ਸੋਧ ਦੀ ਮੰਗ ਕਰਦਿਆਂ ਪਾਕਿਸਤਾਨ ਨੂੰ ਪਿਛਲੇ ਡੇਢ ਸਾਲ ’ਚ ਦੂਜਾ ਨੋਟਿਸ ਜਾਰੀ ਕੀਤਾ ਹੈ। ਭਾਰਤ ਨੇ ਆਪਣੇ ਗੁਆਂਢੀ ਦੇਸ਼ ਨੂੰ ਹਾਲਾਤ ਵਿੱਚ ਬੁਨਿਆਦੀ ਅਤੇ ਅਣਕਿਆਸੇ ਬਦਲਾਅ ਆਉਣ ਕਰ ਕੇ ਸੰਧੀ ਦੀ ਸਮੀਖਿਆ ਅਤੇ ਇਸ ਵਿੱਚ ਸੋਧਾਂ ਕਰਨ ਦੀ ਮੰਗ ਕੀਤੀ ਹੈ। ਪਾਕਿਸਤਾਨ ਨੂੰ ਚਨਾਬ, ਜੇਹਲਮ ਅਤੇ ਸਿੰਧ ਦਰਿਆਵਾਂ ਦਾ ਪਾਣੀ ਮਿਲਦਾ ਹੈ ਜਦਕਿ ਭਾਰਤ ਦਾ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਦੇ ਪਾਣੀਆਂ ’ਤੇ ਪੂਰਾ ਹੱਕ ਹੈ। ਸੰਧੀ ਮੁਤਾਬਕ ਭਾਰਤ ਨੂੰ ਤਿੰਨ ਦਰਿਆਵਾਂ ਦੇ 207.2 ਅਰਬ ਕਿਊਬਿਕ ਮੀਟਰ ਪਾਣੀ ’ਚੋਂ 20 ਫ਼ੀਸਦ ਯਾਨੀ 40.7 ਅਰਬ ਕਿਊਬਿਕ ਮੀਟਰ ਪਾਣੀ ਮਿਲਦਾ ਹੈ ਜਦਕਿ ਬਾਕੀ ਦਾ 80 ਫ਼ੀਸਦ ਪਾਣੀ ਪਾਕਿਸਤਾਨ ਕੋਲ ਜਾਂਦਾ ਹੈ।

# ਇਰਾਨ ਨੇ ਸਫਲਤਾਪੂਰਵਕ ਲਾਂਚ ਕੀਤਾ ਉਪਗ੍ਰਹਿ


ਤਹਿਰਾਨ : ਇਰਾਨ ਨੇ ਦੇਸ਼ ਦੇ ਨੀਮ ਫ਼ੌਜੀ ਬਲ ‘ਰੈਵੋਲਿਊਸ਼ਨਰੀ ਗਾਰਡ’ ਵੱਲੋਂ ਬਣਾਏ ਗਏ ਰਾਕੇਟ ਰਾਹੀਂ ਇੱਕ ਉਪਗ੍ਰਹਿ ਲਾਂਚ ਕੀਤਾ ਹੈ। ਸਰਕਾਰੀ ਮੀਡੀਆ ਨੇ ਇਹ ਜਾਣਕਾਰੀ ਦਿੱਤੀ। ਪੱਛਮੀ ਦੇਸ਼ਾਂ ਨੂੰ ਡਰ ਹੈ ਕਿ ਇਸ ਨਾਲ ਇਰਾਨ ਨੂੰ ਆਪਣੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਵਿੱਚ ਅੱਗੇ ਵਧਣ ’ਚ ਮਦਦ ਮਿਲ ਸਕਦੀ ਹੈ। ਇਰਾਨ ਨੇ ਦੱਸਿਆ ਕਿ ਰਾਕੇਟ ਰਾਹੀਂ ਉਪਗ੍ਰਹਿ ਆਰਬਿਟ ’ਚ ਸਥਾਪਤ ਕਰਨ ਵਾਲਾ ਇਹ ਉਸ ਦਾ ਦੂਜਾ ਲਾਂਚ ਹੈ। ਵਿਗਿਆਨੀਆਂ ਨੇ ਲਾਂਚ ਦੀ ਪੁਸ਼ਟੀ ਕੀਤੀ ਅਤੇ ਦੱਸਿਆ ਕਿ ਉਪਗ੍ਰਹਿ ਆਰਬਿਟ ਵਿੱਚ ਪਹੁੰਚ ਗਿਆ ਹੈ। ਬਾਅਦ ਵਿਚ ਇਰਾਨੀ ਮੀਡੀਆ ਵੱਲੋਂ ਸਾਂਝੀ ਕੀਤੀ ਗਈ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਰਾਕੇਟ ਨੂੰ ‘ਮੋਬਾਈਲ ਲਾਂਚਰ’ ਦੀ ਮਦਦ ਨਾਲ ਲਾਂਚ ਕੀਤਾ ਗਿਆ ਸੀ। ਸਰਕਾਰੀ ਮੀਡੀਆ ਨੇ ਦੱਸਿਆ ਕਿ ‘ਚਮਰਾਨ-1’ ਨਾਮ ਦੇ ਇਸ ਉਪਗ੍ਰਹਿ ਦਾ ਭਾਰ 60 ਕਿਲੋ ਹੈ। ਐਸੋਸੀਏਟਿਡ ਪ੍ਰੈਸ ਨੇ ਬਾਅਦ ਵਿੱਚ ਜਾਰੀ ਕੀਤੀ ਵੀਡੀਓ ਅਤੇ ਹੋਰ



ਤਸਵੀਰਾਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਦੱਸਿਆ ਕਿ ਇਰਾਨ ਦੀ ਰਾਜਧਾਨੀ ਤਹਿਰਾਨ ਤੋਂ ਲਗਪਗ 350 ਕਿਲੋਮੀਟਰ ਪੂਰਬ ਵਿਚ ਸ਼ਾਹਰੂਦ ਸ਼ਹਿਰ ਦੇ ਬਾਹਰੀ ਹਿੱਸੇ ’ਚ ਇਹ ਲਾਂਚ ਕੀਤਾ ਗਿਆ। ਇਰਾਨ ਨੇ ਇਹ ਕਾਰਵਾਈ ਇਜ਼ਰਾਈਲ-ਹਮਾਸ ਯੁੱਧ ਨੂੰ ਲੈ ਕੇ ਪੱਛਮੀ ਏਸ਼ੀਆ ’ਚ ਵਧਦੇ ਤਣਾਅ ਵਿਚਾਲੇ ਕੀਤੀ ਹੈ। ਯੁੱਧ ਦੌਰਾਨ ਇਰਾਨ ਨੇ ਇਜ਼ਰਾਈਲ ’ਤੇ ਮਿਜ਼ਾਈਲ ਅਤੇ ਡਰੋਨ ਹਮਲੇ ਵੀ ਕੀਤੇ ਹਨ। ਇਸ ਦੌਰਾਨ ਇਰਾਨ ਦਾ ਪ੍ਰਮਾਣੂ ਹਥਿਆਰਾਂ ਦੇ ਨਿਰਮਾਣ ਲਈ ਜ਼ਰੂਰੀ ਪ੍ਰੋਗਰਾਮ ਲਗਾਤਾਰ ਜਾਰੀ ਹੈ ਅਤੇ ਮਾਹਿਰਾਂ ਨੇ ਤਹਿਰਾਨ ਦੇ ਇਸ ਪ੍ਰੋਗਰਾਮ ’ਤੇ ਚਿੰਤਾ ਪ੍ਰਗਟਾਈ ਹੈ।’

# ਪਾਪੂਆ ਨਿਊ ਗਿਨੀ: ਖਾਣ ਮਜ਼ਦੂਰਾਂ ਵਿਚਾਲੇ ਹਿੰਸਾ ’ਚ ਦੋ ਦਰਜਨ ਤੋਂ ਵੱਧ ਹਲਾਕ

ਮੈਲਬਰਨ : ਪਾਪੂਆ ਨਿਊ ਗਿਨੀ ਵਿੱਚ ਗੈਰ-ਕਾਨੂੰਨੀ ਖਾਣ ਮਜ਼ਦੂਰਾਂ ਵਿਚਾਲੇ ਹਿੰਸਾ ਵਿੱਚ 20 ਤੋਂ 50 ਵਿਅਕਤੀ ਮਾਰੇ ਗਏ ਹਨ। ਸੰਯੁਕਤ ਰਾਸ਼ਟਰ ਦੇ ਅਧਿਕਾਰੀ ਨੇ ਅੱਜ ਇਹ ਜਾਣਕਾਰੀ ਦਿੱਤੀ। ਦੱਖਣੀ ਪ੍ਰਸ਼ਾਂਤ ਟਾਪੂ ਦੇਸ਼ ਦੀ ਸਰਕਾਰ ਅਨੁਸਾਰ ਪੋਰਗੇਰਾ ਘਾਟੀ ਵਿੱਚ ਕੁਝ ਦਿਨ ਪਹਿਲਾਂ ਸ਼ੁਰੂ ਹੋਈ ਹਿੰਸਾ ਹਾਲੇ ਵੀ ਜਾਰੀ ਹੈ। ਇਹ ਜਗ੍ਹਾ ਮਈ ਵਿੱਚ ਢਿੱਗਾਂ ਡਿੱਗਣ ਵਾਲੀ ਥਾਂ ਦੇ ਨੇੜੇ ਸਥਿਤ ਹੈ। ਢਿੱਗਾਂ ਡਿੱਗਣ ਕਾਰਨ ਦੋ ਹਜ਼ਾਰ ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਗਈ ਸੀ। ਪਾਪੂਆ ਨਿਊ ਗਿਨੀ ਲਈ ਸੰਯੁਕਤ ਰਾਸ਼ਟਰ ਦੇ ਮਨੁੱਖਤਾਵਾਦੀ ਸਲਾਹਕਾਰ ਮੇਟ ਬੈਗੋਸੀ ਨੇ ਕਿਹਾ ਕਿ ਏਂਗਾ ਪ੍ਰਾਂਤ ਵਿੱਚ ਕਮਿਊਨਿਟੀ ਮੈਂਬਰਾਂ ਅਤੇ ਸਥਾਨਕ ਅਧਿਕਾਰੀਆਂ ਵੱਲੋਂ ਐਤਵਾਰ ਤੱਕ ਘੱਟੋ-ਘੱਟ 20 ਮੌਤਾਂ ਦੀ ਪੁਸ਼ਟੀ ਕੀਤੀ ਗਈ ਹੈ। ਬੈਗੋਸੀ ਨੇ ਐਸੋਸੀਏਟਡ ਪ੍ਰੈਸ ਨੂੰ ਦੱਸਿਆ, ‘ਅਸੀਂ ਘੱਟੋ-ਘੱਟ 20 ਵਿਅਕਤੀ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ ਪਰ ਸਾਡੇ ਕੋਲ ਆ ਰਹੀਆਂ ਖ਼ਬਰਾਂ ਅਨੁਸਾਰ ਇਹ ਗਿਣਤੀ 50 ਤੱਕ ਹੋ ਸਕਦੀ ਹੈ।’ ਉਨ੍ਹਾਂ ਦੱਸਿਆ ਕਿ ਹਿੰਸਾ ਜਾਰੀ ਹੈ। ਉਨ੍ਹਾਂ ਫ਼ੌਜ ਅਤੇ ਪੁਲੀਸ ਦਾ ਹਵਾਲਾ ਦਿੰਦਿਆਂ ਕਿਹਾ, ‘ਅੱਜ ਕੁਝ ਸੁਰੱਖਿਆ ਬਲਾਂ ਨੇ ਖੇਤਰ ਵਿੱਚ ਦਾਖ਼ਲ ਹੋਣਾ ਸ਼ੁਰੂ ਕਰ ਦਿੱਤਾ ਹੈ। ਦੇਖਦੇ ਹਾਂ ਇਸ ਦਾ ਕੀ ਪ੍ਰਭਾਵ ਪੈਂਦਾ ਹੈ।’ ਉਨ੍ਹਾਂ ਜ਼ਖ਼ਮੀਆਂ ਦੀ ਗਿਣਤੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਨੈਸ਼ਨਲ ਪੁਲੀਸ ਕਮਿਸ਼ਨਰ ਡੇਵਿਡ ਮੈਨਿੰਗ ਨੇ ਕਿਹਾ ਕਿ ਹਿੰਸਾ ਵਧਣ ਤੋਂ ਬਾਅਦ ਸ਼ਨਿਚਰਵਾਰ ਨੂੰ ਐਮਰਜੈਂਸੀ ਐਲਾਨ ਦਿੱਤੀ ਗਈ ਸੀ।



# ਏਅਰ ਕੈਨੇਡਾ ਤੇ ਪਾਇਲਟਾਂ ਵਿਚਾਲੇ ਸਮਝੌਤੇ ਦੇ ਆਸਾਰ

ਓਟਵਾ : ਏਅਰ ਕੈਨੇਡਾ ਅਤੇ ਪਾਇਲਟਾਂ ਦੀ ਯੂਨੀਅਨ ਵਿਚਕਾਰ ਸਮਝੌਤੇ ਦੇ ਆਸਾਰ ਬਣ ਗਏ ਹਨ। ਇਸ ਨਾਲ ਕੈਨੇਡਾ ਦੀ ਸਭ ਤੋਂ ਵੱਡੀ ਏਅਰਲਾਈਨਜ਼ 'ਚ ਹੜਤਾਲ ਟਲਣ ਦੀ ਸੰਭਾਵਨਾ ਬਣ ਗਈ ਹੈ। ਏਅਰਲਾਈਨਜ਼ ਨੇ ਐਤਵਾਰ ਤੜਕੇ ਜਾਰੀ ਬਿਆਨ 'ਚ ਐਲਾਨ ਕੀਤਾ ਕਿ ਕੰਪਨੀ ਅਤੇ ਏਅਰਲਾਈਨ ਪਾਇਲਟਸ ਐਸੋਸੀਏਸ਼ਨ ਵਿਚਕਾਰ ਚਾਰ ਸਾਲ ਦਾ ਸਮਝੌਤਾ ਹੋਇਆ ਹੈ। ਯੂਨੀਅਨ ਮੈਂਬਰਾਂ ਅਤੇ ਏਅਰਲਾਈਨਜ਼ ਦੇ ਬੋਰਡ ਡਾਇਰੈਕਟਰਾਂ ਵੱਲੋਂ ਸਮਝੌਤੇ ਦੀਆਂ ਸ਼ਰਤਾਂ ਨੂੰ ਪ੍ਰਵਾਨਗੀ ਦੇਣ ਤੱਕ ਉਨ੍ਹਾਂ ਦਾ ਖ਼ੁਲਾਸਾ ਨਹੀਂ ਹੋਵੇਗਾ। ਪਾਇਲਟਾਂ ਦੀ ਐਸੋਸੀਏਸ਼ਨ ਨੇ ਕਿਹਾ ਕਿ ਉਨ੍ਹਾਂ ਦੀ ਏਅਰ ਕੈਨੇਡਾ ਮਾਸਟਰ ਐਗਜ਼ੀਕਿਊਟਿਵ ਕਾਊਂਸਿਲ ਨੇ 5,400 ਪਾਇਲਟਾਂ ਤਰਫ਼ੋਂ ਸਮਝੌਤੇ ਨੂੰ ਪ੍ਰਵਾਨਗੀ ਦੇਣ ਲਈ ਵੋਟ ਪਾਏ ਹਨ। ਮੈਂਬਰਾਂ ਵੱਲੋਂ ਸਮਝੌਤੇ ਦੀ ਨਜ਼ਰਸਾਨੀ ਮਗਰੋਂ ਪਾਇਲਟਾਂ ਲਈ 1.9 ਅਰਬ ਡਾਲਰ ਵਾਧੂ ਰਕਮ ਮਿਲਣ ਦੀ ਸੰਭਾਵਨਾ ਹੈ। ਕਈ ਹਫ਼ਤਿਆਂ ਤੋਂ ਚੱਲ ਰਹੀ ਗੱਲਬਾਤ ਮਗਰੋਂ ਮੁਆਵਜ਼ੇ, ਸੇਵਾਮੁਕਤੀ ਅਤੇ ਕੰਮ ਦੇ ਨੇਮਾਂ ਸਮੇਤ ਅਹਿਮ ਮੁੱਦਿਆਂ 'ਤੇ ਸਹਿਮਤੀ ਬਣ ਗਈ ਹੈ। ਫੈਡਰਲ ਲੇਬਰ ਮੰਤਰੀ ਸਟੀਵਨ ਮੈਕਕਿਨੋਨ ਨੇ ਸਮਝੌਤੇ ਦੀ ਪੁਸ਼ਟੀ ਕਰਦਿਆਂ ਕੰਪਨੀ ਅਤੇ ਯੂਨੀਅਨ ਦੀ ਸ਼ਲਾਘਾ ਕੀਤੀ। ਪਾਇਲਟਾਂ ਨੇ ਮੰਗ ਕੀਤੀ ਸੀ ਕਿ ਉਨ੍ਹਾਂ ਦੀ ਤਨਖ਼ਾਹ ਅਮਰੀਕੀ ਪਾਇਲਟਾਂ ਦੇ ਬਰਾਬਰ ਕੀਤੀ ਜਾਵੇ ਪਰ ਏਅਰ ਕੈਨੇਡਾ ਲਗਾਤਾਰ ਮੁਨਾਫ਼ੇ 'ਚ ਹੋਣ ਦੇ ਬਾਵਜੂਦ ਪਾਇਲਟਾਂ ਨੂੰ ਘੱਟ ਮੁਆਵਜ਼ਾ ਲੈਣ ਲਈ ਮਜਬੂਰ ਕਰ ਰਹੀ ਸੀ। ਦੋਵੇਂ ਧਿਰਾਂ ਨੇ ਐਤਵਾਰ ਤੋਂ 72 ਘੰਟਿਆਂ ਦੀ ਹੜਤਾਲ ਜਾਂ ਲੌਕਆਊਟ ਦਾ ਨੋਟਿਸ ਦਿੱਤਾ ਸੀ ਪਰ ਹੁਣ ਇਸ ਤੋਂ ਬਚਾਅ ਹੋ ਗਿਆ ਹੈ

# ਤਾਲਿਬਾਨ ਨੇ ਅਫ਼ਗਾਨਿਸਤਾਨ 'ਚ ਪੋਲੀਓ ਵਿਰੋਧੀ ਟੀਕਾਕਰਨ ਮੁਹਿੰਮ ਬੰਦ ਕੀਤੀ

ਦੁਬਈ : ਤਾਲਿਬਾਨ ਨੇ ਅਫ਼ਗਾਨਿਸਤਾਨ ਵਿੱਚ ਪੋਲੀਓ ਵਿਰੋਧੀ ਟੀਕਾਕਰਨ ਮੁਹਿੰਮ ਬੰਦ ਕਰ ਦਿੱਤੀ ਹੈ। ਅੱਜ ਸੰਯੁਕਤ ਰਾਸ਼ਟਰ ਨੇ ਇਹ ਜਾਣਕਾਰੀ ਦਿੱਤੀ। ਅਫ਼ਗਾਨਿਸਤਾਨ ਉਨ੍ਹਾਂ ਦੋ ਮੁਲਕਾਂ ਵਿੱਚੋਂ ਇਕ ਹੈ, ਜਿੱਥੇ ਇਹ ਬਿਮਾਰੀ ਕਦੇ ਨਹੀਂ ਰੁਕੀ ਹੈ। ਅਜਿਹਾ ਹੀ ਦੂਜਾ ਦੇਸ਼ ਪਾਕਿਸਤਾਨ ਹੈ। ਸੰਯੁਕਤ ਰਾਸ਼ਟਰ ਏਜੰਸੀਆਂ ਨੂੰ ਇਹ ਖ਼ਬਰ ਸਤੰਬਰ ਵਿੱਚ ਟੀਕਾਕਰਨ ਮੁਹਿੰਮ ਦੇ ਸ਼ੁਰੂ ਹੋਣ ਤੋਂ ਐਨ ਪਹਿਲਾਂ ਮਿਲੀ ਹੈ। ਅਫ਼ਗਾਨਿਸਤਾਨ ਵਿੱਚ ਪੋਲੀਓ ਵਿਰੋਧੀ ਟੀਕਾਕਰਨ ਮੁਹਿੰਮ ਬੰਦ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ ਹੈ ਅਤੇ ਇਸ ਬਾਰੇ ਟਿੱਪਣੀ ਕਰਨ ਲਈ ਤਾਲਿਬਾਨ ਦੇ ਕੰਟਰੋਲ ਵਾਲੀ ਦੇਸ਼ ਦੀ ਸਰਕਾਰ ਵੱਲੋਂ ਕੋਈ ਮੌਜੂਦ ਨਹੀਂ ਹੋ ਸਕਿਆ। ਵਿਸ਼ਵ ਸਿਹਤ ਸੰਸਥਾ ਦੇ ਅਧਿਕਾਰੀ ਨੇ ਕਿਹਾ ਕਿ ਉਸ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੀਆਂ ਚਰਚਾ ਚੱਲ ਰਹੀ ਹੈ ਕਿ ਘਰ-ਘਰ ਜਾ ਕੇ ਟੀਕਾਕਰਨ ਕਰਨ ਦੀ ਥਾਂ ਮਸਜਿਦ ਵਰਗੀਆਂ ਥਾਵਾਂ 'ਤੇ ਟੀਕਾਕਰਨ ਹੋਣਾ ਚਾਹੀਦਾ ਹੈ। ਵਿਸ਼ਵ ਸਿਹਤ ਸੰਸਥਾ ਨੇ ਇਸ ਸਾਲ ਅਫ਼ਗਾਨਿਸਤਾਨ ਵਿੱਚ ਪੋਲੀਓ ਦੇ 18 ਮਾਮਲਿਆਂ ਦੀ ਪੁਸ਼ਟੀ ਕੀਤੀ ਹੈ ਅਤੇ ਇਨ੍ਹਾਂ ਵਿੱਚੋਂ ਦੋ ਮਾਮਲੇ ਦੇਸ਼ ਦੇ ਦੱਖਣੀ ਹਿੱਸੇ ਵਿੱਚੋਂ ਸਨ। ਪਿਛਲੇ ਸਾਲ ਦੇਸ਼ ਵਿੱਚ ਪੋਲੀਓ ਦੇ ਕੇਸਾਂ ਦੀ ਗਿਣਤੀ ਛੇ ਸੀ। ਵਿਸ਼ਵ ਸਿਹਤ ਸੰਸਥਾ ਦੇ ਡਾ. ਹਾਮਿਦ ਨੇ ਕਿਹਾ, 'ਆਲਮੀ ਪੱਧਰ 'ਤੇ ਪੋਲੀਓ ਦਾ ਖ਼ਾਤਮਾ ਕਰਨ ਲਈ ਉਪਰਾਲੇ ਕਰਨ ਵਾਲੀ ਸੰਸਥਾ ਨੂੰ ਅਫ਼ਗਾਨਿਸਤਾਨ ਵਿੱਚ ਪੋਲੀਓ ਵਿਰੋਧੀ ਟੀਕਾਕਰਨ ਮੁਹਿੰਮ ਨੂੰ ਘਰ-ਘਰ ਦੀ ਥਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਖ਼ਾਸ ਥਾਵਾਂ 'ਤੇ ਤਬਦੀਲ ਕਰਨ ਬਾਰੇ ਚੱਲ ਰਹੀਆਂ ਚਰਚਾਵਾਂ ਬਾਰੇ ਪਤਾ ਹੈ।

# ਕੈਨੇਡਾ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟਾਂ 'ਚ ਕਟੌਤੀ

ਕੈਨੇਡਾ ਨੇ ਕੌਮਾਂਤਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟਾਂ ਦੀ ਗਿਣਤੀ ਘਟਾਉਣ ਦਾ ਐਲਾਨ ਕੀਤਾ ਹੈ। ਕੈਨੇਡਾ ਦਾ ਇਹ ਫੈਸਲਾ ਵੱਡੀ ਗਿਣਤੀ ਭਾਰਤੀ ਨਾਗਰਿਕਾਂ ਨੂੰ ਅਸਰਅੰਦਾਜ਼ ਕਰ ਸਕਦਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੁੱਧਵਾਰ ਰਾਤ ਨੂੰ ਐਕਸ 'ਤੇ ਪੋਸਟ ਵਿਚ ਕਿਹਾ, 'ਅਸੀਂ ਇਸ ਸਾਲ 35 ਫੀਸਦ ਘੱਟ ਕੌਮਾਂਤਰੀ ਵਿਦਿਆਰਥੀ ਪਰਮਿਟ ਦਿੱਤੇ ਹਨ। ਅਗਲੇ ਸਾਲ ਅਸੀਂ ਇਨ੍ਹਾਂ ਦੀ ਗਿਣਤੀ ਵਿਚ 10 ਫੀਸਦ ਹੋਰ ਕਟੌਤੀ ਕਰਾਂਗੇ। ਇਮੀਗ੍ਰੇਸ਼ਨ ਸਾਡੇ ਅਰਥਚਾਰੇ ਲਈ ਵਾਧਾ ਹੈ ਪਰ ਜਦੋਂ ਮਾੜੇ ਅਨਸਰ ਕਿਸੇ ਪ੍ਰਬੰਧ ਦੀ ਦੁਰਵਰਤੋਂ ਕਰਦੇ ਹਨ ਤੇ ਵਿਦਿਆਰਥੀਆਂ ਦਾ ਲਾਹਾ ਲੈਂਦੇ ਹਨ, ਅਸੀਂ ਇਸ ਨੂੰ ਰੋਕਦੇ ਹਾਂ।' ਟਰੂਡੋ ਸਰਕਾਰ ਨੇ ਇਹ ਕਦਮ ਅਜਿਹੇ ਮੌਕੇ ਚੁੱਕਿਆ ਹੈ, ਜਦੋਂ ਕੈਨੇਡੀਅਨ ਸਰਕਾਰ ਅਸਥਾਈ ਰੈਜ਼ੀਡੈਂਟਸ ਦੀ ਗਿਣਤੀ ਘਟਾਉਣ ਬਾਰੇ ਵਿਚਾਰ ਕਰ ਰਹੀ ਹੈ। ਕੈਨੇਡਾ ਭਾਰਤੀ ਵਿਦਿਆਰਥੀਆਂ ਦਾ ਸਭ ਤੋਂ ਪਸੰਦੀਦਾ ਟਿਕਾਣਾ ਹੈ। ਟਰੂਡੋ ਦਾ ਇਹ ਐਲਾਨ ਕੈਨੇਡਾ ਵਿਚ ਪੜ੍ਹਨ ਦੀ ਇੱਛਾ ਰੱਖਣ ਵਾਲੇ ਕਈ ਭਾਰਤੀ ਵਿਦਿਆਰਥੀਆਂ ਨੂੰ ਅਸਰਅੰਦਾਜ਼ ਕਰੇਗਾ। ਓਟਵਾ ਵਿਚ ਭਾਰਤੀ ਹਾਈ ਕਮਿਸ਼ਨ ਦੀ ਵੈੱਬਸਾਈਟ ਮੁਤਾਬਕ ਸਿੱਖਿਆ ਭਾਰਤ ਤੇ ਕੈਨੇਡਾ ਦਰਮਿਆਨ ਪਰਸਪਰ ਹਿੱਤ ਵਾਲਾ ਅਹਿਮ ਖੇਤਰ ਹੈ। ਭਾਰਤ ਵਿਦੇਸ਼ੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਰੋਤ ਹੈ ਤੇ ਅੰਦਾਜ਼ੇ ਮੁਤਾਬਕ ਕੈਨੇਡਾ ਵਿਚ ਇਸ ਵੇਲੇ 4.27 ਲੱਖ ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ।

ਕੈਨੇਡਾ ਦੀ ਸੱਤਾ 'ਤੇ 2015 ਤੋਂ ਕਾਬਜ਼ ਲਿਬਰਲ ਪਾਰਟੀ ਆਗੂ ਜਸਟਿਨ ਟਰੂਡੋ ਦੀ ਘੱਟ ਗਿਣਤੀ ਸਰਕਾਰ ਖ਼ਿਲਾਫ਼ ਬੇਭਰੋਸਗੀ ਮਤਾ 24 ਸਤੰਬਰ ਨੂੰ ਪੇਸ਼ ਕੀਤਾ ਜਾਵੇਗਾ। ਵਿਰੋਧੀ ਪਾਰਟੀ ਦੇ ਆਗੂ ਪੀਅਰ ਪੋਲਿਵਰ ਨੇ ਮਤੇ ਦੀ ਤਿਆਰੀ ਖਿੱਚ ਲਈ ਹੈ। ਬਹਿਸ ਪੂਰੀ ਹੋਣ ਮਗਰੋਂ ਅਗਲੇ ਦਿਨ ਇਸ 'ਤੇ ਵੋਟਿੰਗ ਹੋਵੇਗੀ। 338 ਮੈਂਬਰੀ ਹਾਊਸ ਵਿੱਚ ਲਿਬਰਲ ਪਾਰਟੀ ਦੇ 154 ਮੈਂਬਰ ਹਨ ਤੇ ਟਿਕੇ ਰਹਿਣ ਲਈ ਜਸਟਿਨ ਟਰੂਡੋ ਨੂੰ 16 ਹੋਰ ਸੰਸਦ ਮੈਂਬਰਾਂ ਦੇ ਸਾਥ ਦੀ ਲੋੜ ਹੈ। ਐੱਨਡੀਪੀ ਆਗੂ ਜਗਮੀਤ ਸਿੰਘ ਨੇ ਥੋੜੇ ਦਿਨ ਪਹਿਲਾਂ ਸਰਕਾਰ ਤੋਂ ਹਮਾਇਤ ਵਾਪਸ ਲੈਣ ਦਾ ਫ਼ੈਸਲਾ ਲੈ ਕੇ ਸਥਿਤੀ ਡਾਵਾਂ-ਡੋਲ ਕਰ ਦਿੱਤੀ ਹੈ। ਸਰਕਾਰ ਦਾ ਰਹਿੰਦਾ ਸਾਲ ਪੂਰਾ ਕਰਨ ਲਈ ਜਸਟਿਨ ਟਰੂਡੋ ਦੀ ਟੇਕ ਹੁਣ ਬਲਾਕ ਕਿਊਬਕਵਾ ਆਗੂ 'ਤੇ ਹੈ, ਜਿਸ ਦੇ 33 ਮੈਂਬਰ ਹਨ। ਕੁਝ ਸਿਆਸੀ ਮਾਹਿਰਾਂ ਅਨੁਸਾਰ ਇਸ ਵੇਲੇ ਦੇਸ਼ ਵਿੱਚ ਕੰਜ਼ਰਵੇਟਿਵ ਪਾਰਟੀ ਦੀ ਲਹਿਰ ਹੋਣ ਕਰਕੇ ਨਾ ਤਾਂ ਬਲਾਕ ਕਿਊਬਕ ਵਾਲੇ ਸਰਕਾਰ ਤੋੜ ਕੇ ਮੱਧਕਾਲੀ ਚੋਣਾਂ ਦੇ ਹੱਕ ਵਿੱਚ ਹਨ ਤੇ ਨਾ ਹੀ ਐੱਨਡੀਪੀ ਦੇ ਬਹੁਤੇ ਸੰਸਦ ਮੈਂਬਰ ਚੋਣ ਖਰਚੇ ਝੱਲਣ ਲਈ ਤਿਆਰ ਹਨ। ਸਰਕਾਰ ਆਪਣੀਆਂ ਪ੍ਰਾਪਤੀਆਂ ਗਿਣਾਉਂਦਿਆਂ ਲੋਕਾਂ ਨੂੰ ਮੱਧਕਾਲੀ ਚੋਣਾਂ ਦੇ ਖਰਚੇ ਤੋਂ ਬਚਾਅ ਲਈ ਆਵਾਜ਼ ਉਠਾਉਣ ਲਈ ਕਹਿ ਰਹੀ ਹੈ।ਬਲਾਕ ਕਿਊਬਕਵਾ ਦੇ ਆਗੂ ਇਵੈਂਸ ਬਲਾਂਕੇ ਨੇ ਦੋ ਦਿਨ ਪਹਿਲਾਂ ਸਰਕਾਰ ਨੂੰ ਕੁਝ ਕਰਕੇ ਦਿਖਾਉਣ ਦੀ ਗੱਲ ਕਹਿ ਕੇ ਹਮਾਇਤ ਲਈ ਆਪਣੀਆਂ ਸ਼ਰਤਾਂ ਮੰਨਣ ਦਾ ਸੰਕੇਤ ਦਿੱਤਾ ਹੈ। ਉਂਝ ਉਨ੍ਹਾਂ ਇਹ ਵੀ ਸਪੱਸ਼ਟ ਕਿਹਾ ਕਿ ਉਨ੍ਹਾਂ ਦੀ ਪਾਰਟੀ ਮੱਧਕਾਲੀ ਚੋਣਾਂ ਦੇ ਹੱਕ ਵਿਚ ਨਹੀਂ ਪਰ ਸੋਮਵਾਰ ਨੂੰ ਮੌਂਟਰੀਅਲ ਸ਼ਹਿਰ ਦੇ ਇੱਕ ਸੰਸਦੀ ਹਲਕੇ ਤੋਂ ਦਹਾਕਿਆਂ ਬਾਅਦ ਉਸ ਦੀ ਝੋਲੀ ਪਈ ਜਿੱਤ ਨੇ ਪਾਰਟੀ ਨੂੰ ਸਮੇਂ ਦੇ ਹਾਲਾਤਾਂ ਤੋਂ ਚੌਕਸ ਕਰ ਦਿੱਤਾ ਹੈ। ਹੁਣ ਦੇਖਣਾ ਹੋਵੇਗਾ ਕਿ ਅਗਲੇ ਹਫ਼ਤੇ 170 ਤੋਂ ਵੱਧ ਮੈਂਬਰਾਂ ਦੀ ਹਮਾਇਤ ਵਾਲਾ ਧੜਾ ਕਿਸ ਦਾ ਪੱਖ ਪੂਰਦਾ ਹੈ ਪਰ ਇਹ ਨਿਸ਼ਚਤ ਹੈ ਕਿ ਜੇਕਰ ਸਰਕਾਰ ਮਤੇ ਵਾਲਾ ਸੰਕਟ ਟਾਲਣ ਵਿੱਚ ਸਫ਼ਲ ਹੋ ਗਈ ਤਾਂ ਉਹ ਆਪਣਾ ਰਹਿੰਦਾ ਸਮਾਂ ਜ਼ਰੂਰ ਪੂਰਾ ਕਰ ਜਾਵੇਗੀ।

# ਇਜ਼ਰਾਇਲੀ ਹਵਾਈ ਹਮਲੇ ਵਿੱਚ 16 ਹਲਾਕ



## ਮ੍ਰਿਤਕਾਂ 'ਚ ਚਾਰ ਬੱਚੇ ਅਤੇ ਪੰਜ ਔਰਤਾਂ ਸ਼ਾਮਲ; ਜੰਗ 'ਚ ਹੁਣ ਤੱਕ 41 ਹਜ਼ਾਰ ਤੋਂ ਵੱਧ ਫਲਸਤੀਨੀਆਂ ਦੀ ਮੌਤ

ਯੇਰੂਸ਼ਲਮ : ਗਾਜ਼ਾ ਪੱਟੀ 'ਤੇ ਇਜ਼ਰਾਇਲੀ ਫੌਜ ਵੱਲੋਂ ਕੀਤੇ ਹਵਾਈ ਹਮਲਿਆਂ 'ਚ 16 ਵਿਅਕਤੀ ਮਾਰੇ ਗਏ। ਮ੍ਰਿਤਕਾਂ 'ਚ ਚਾਰ ਔਰਤਾਂ ਅਤੇ ਚਾਰ ਬੱਚੇ ਸ਼ਾਮਲ ਹਨ। ਨੁਸਰਤ ਸ਼ਰਨਾਰਥੀ ਕੈਂਪ 'ਤੇ ਅੱਜ ਤੜਕੇ ਕੀਤੇ ਹਮਲੇ 'ਚ ਘਰ ਮਲਬਾ ਬਣ ਗਿਆ, ਜਿਸ 'ਚ ਚਾਰ ਔਰਤਾਂ ਅਤੇ ਦੋ ਬੱਚਿਆਂ ਸਮੇਤ 10 ਵਿਅਕਤੀ ਮਾਰੇ ਗਏ। ਅਵਦਾ ਹਸਪਤਾਲ ਮੁਤਾਬਕ ਇਸ ਹਮਲੇ 'ਚ 13 ਹੋਰ ਵਿਅਕਤੀ ਜ਼ਖ਼ਮੀ ਹੋਏ ਹਨ, ਜੋ ਜ਼ੇਰੇ ਇਲਾਜ ਹਨ। ਇਜ਼ਰਾਇਲੀ ਫੌਜ ਵੱਲੋਂ ਗਾਜ਼ਾ ਸ਼ਹਿਰ 'ਚ ਕੀਤੇ ਗਏ ਹੋਰ ਹਮਲੇ 'ਚ ਔਰਤ ਅਤੇ ਦੋ ਬੱਚਿਆਂ ਸਮੇਤ ਛੇ ਵਿਅਕਤੀ ਮਾਰੇ ਗਏ। ਇਜ਼ਰਾਈਲ ਦਾ ਕਹਿਣਾ ਹੈ ਕਿ ਉਹ ਸਿਰਫ਼ ਦਹਿਸ਼ਤਗਰਦਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਉਨ੍ਹਾਂ ਹਮਾਸ ਅਤੇ ਹੋਰ ਹਥਿਆਰਬੰਦ ਗੁੱਟਾਂ 'ਤੇ ਦੋਸ਼ ਲਾਇਆ ਹੈ ਕਿ ਉਹ ਰਿਹਾਇਸ਼ੀ ਇਲਾਕਿਆਂ 'ਚ ਪਨਾਹ ਲੈ ਕੇ ਆਮ ਲੋਕਾਂ ਦੀਆਂ ਜ਼ਿੰਦਗੀਆਂ ਖ਼ਤਰੇ 'ਚ ਪਾ ਰਹੇ ਹਨ। ਉਧਰ ਗਾਜ਼ਾ ਸਿਹਤ ਮੰਤਰਾਲੇ ਮੁਤਾਬਕ ਹਮਾਸ ਵੱਲੋਂ ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਈਲ 'ਤੇ ਕੀਤੇ ਗਏ ਹਮਲੇ ਮਗਰੋਂ ਜੰਗ 'ਚ 41 ਹਜ਼ਾਰ ਤੋਂ ਵਧ ਫਲਸਤੀਨੀਆਂ ਦੀ ਮੌਤ ਹੋ ਚੁੱਕੀ ਹੈ। ਇਜ਼ਰਾਈਲ ਨੇ ਕੋਈ ਸਬੂਤ ਦਿੱਤੇ ਬਿਨਾਂ ਦਾਅਵਾ ਕੀਤਾ ਹੈ ਕਿ ਉਸ ਨੇ 17 ਹਜ਼ਾਰ ਤੋਂ ਵਧ ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ ਹੈ। ਇਜ਼ਰਾਇਲੀ ਫੌਜ ਵੱਲੋਂ ਕਿਸੇ ਇਕ ਹਮਲੇ 'ਤੇ ਘੱਟ ਹੀ ਪ੍ਰਤੀਕਰਮ ਦਿੱਤਾ ਜਾਂਦਾ ਹੈ ਜਿਸ 'ਚ ਅਕਸਰ ਔਰਤਾਂ ਅਤੇ ਬੱਚਿਆਂ ਦੀ ਮੌਤ ਹੁੰਦੀ ਹੈ। ਇਜ਼ਰਾਈਲ ਜਾਨੀ ਨੁਕਸਾਨ ਦੇ ਵੇਰਵੇ ਨਹੀਂ ਦਿੰਦਾ ਹੈ ਪਰ ਉਹ ਸਿਰਫ਼ ਆਖਦਾ ਹੈ ਕਿ ਮਾਰੇ ਗਏ ਵਿਅਕਤੀਆਂ 'ਚ ਅੱਧੇ ਤੋਂ ਜ਼ਿਆਦਾ ਔਰਤਾਂ ਅਤੇ ਬੱਚੇ ਸ਼ਾਮਲ ਹਨ।




# ‘ਸੁੱਚਾ ਸੂਰਮਾ’ ਨਾਲ ਵਾਪਸੀ ਕਰੇਗਾ ਬੱਬੂ ਮਾਨ



ਚਾਰ ਸਾਲਾਂ ਦੀ ਲੰਮੀ ਉਡੀਕ ਤੋਂ ਬਾਅਦ ਆਖ਼ਰਕਾਰ ਮਕਬੂਲ ਪੰਜਾਬੀ ਗਾਇਕ-ਅਦਾਕਾਰ ਬੱਬੂ ਮਾਨ ਫਿਲਮੀ ਪਰਦੇ ’ਤੇ ਵਾਪਸੀ ਕਰ ਰਿਹਾ ਹੈ। ਅਸੀਂ ਇਹ ਤਾਂ ਨਹੀਂ ਜਾਣਦੇ ਕਿ ਕੀ ਫਿਲਮ ‘ਸੁੱਚਾ ਸੂਰਮਾ’ ਪੰਜਾਬੀ ਸਿਨੇਮਾ ਲਈ ਉਹੀ ਸ਼ਾਨਦਾਰ ਕੰਮ ਕਰੇਗੀ, ਜਿਹੜਾ ਸ਼ਾਹਰੁਖ਼ ਖਾਨ ਦੀ ‘ਕਮਬੈਕ’ ਫਿਲਮ ‘ਪਠਾਨ’ ਨੇ ਬੌਲੀਵੁੱਡ ਲਈ ਕੀਤਾ ਪਰ ਪ੍ਰਸ਼ੰਸਕ ਬੱਬੂ ਦੀ ਵਾਪਸੀ ’ਤੇ ਉਤਸ਼ਾਹਿਤ ਹਨ।

ਫਿਲਮ ਦੇ ਟਰੇਲਰ ਰਿਲੀਜ਼ ਸਮਾਗਮ ਲਈ ਮੁਹਾਲੀ ਦੇ ਮਾਲ ਵਿੱਚ ਪਹੁੰਚਿਆ ਬੱਬੂ ਮਾਨ ਆਪਣੇ ਉਸੇ ਮਖੌਲੀਆ ਅੰਦਾਜ਼ ’ਚ ਨਜ਼ਰ ਆਇਆ, ਜਿਸ ਤਰ੍ਹਾਂ ਦਾ ਅਸੀਂ ਉਸ ਨੂੰ ‘ਮਿੱਤਰਾਂ ਦੀ ਛਤਰੀ’ ਅਤੇ ‘ਪਹਿਲੇ ਪੈੱਗ’ ਦੇ ਵੇਲਿਆਂ ਤੋਂ ਦੇਖਦਾ ਆ ਰਹੇ ਹਾਂ। ਵਾਲਾਂ ਦਾ ਵੱਖਰਾ ਅੰਦਾਜ਼ ਵੀ ਉਹੀ ਪੁਰਾਣਾ ਹੀ ਦੇਖਣ ਨੂੰ ਮਿਲਿਆ। ਇਸ ਮੌਕੇ ਬੱਬੂ ਦੇ ਨਾਲ ਨਿਰਦੇਸ਼ਕ ਅਮਿਤੋਜ ਮਾਨ ਅਤੇ ਫਿਲਮ ਦੇ ਹੋਰ ਕਲਾਕਾਰ ਹਾਜ਼ਰ ਸਨ। ਅਮਿਤੋਜ ਨੇ ਦੱਸਿਆ, “ਇਹ ਪੀਰੀਅਡ ਫਿਲਮ ਮੁਹੱਬਤ, ਬਹਾਦਰੀ, ਦੋਸਤੀ ਤੇ ਰਵਾਇਤੀ ਖੇਡਾਂ ਅਤੇ ਐਕਸ਼ਨ ਨਾਲ ਭਰਪੂਰ ਹੈ।” ਅਮਿਤੋਜ ਇਸ ਤੋਂ ਪਹਿਲਾਂ ਬੱਬੂ ਦੀ ਪਹਿਲੀ ਪੰਜਾਬੀ ਫਿਲਮ ‘ਹਵਾਏਂ’ (2003) ਨਿਰਦੇਸ਼ਤ ਕਰ ਚੁੱਕਿਆ ਹੈ। ਬੱਬੂ ਨੇ ਕਿਹਾ, ‘ਸਕ੍ਰਿਪਟ ਪੜ੍ਹਨ ਤੋਂ ਪਹਿਲਾਂ ਹੀ, ਮੈਂ ਇਸ ਫਿਲਮ ਨੂੰ ਹਾਂ ਸਾਡੀ ਦੋਸਤੀ ਕਰ ਕੇ ਕਹਿ ਦਿੱਤੀ, ਜੋ ਕਿ ਵਰ੍ਹਿਆਂ ਪੁਰਾਣੀ ਹੈ।”ਬੱਬੂ, ਜੋ ਕਿ ਗੁਰੂ ਰੰਧਾਵਾ ਵਰਗੇ ਸਟਾਰ ਕਲਾਕਾਰਾਂ ਦੀ ਕੌਮਾਂਤਰੀ ਪ੍ਰਸਿੱਧੀ ਦੇਖ ਕੇ ਖ਼ੁਸ਼ ਹੈ, ਨੇ ਦੱਸਿਆ ਕਿ ਜਦ ਉਹ ਫਿਲਮਾਂ ਨਹੀਂ ਕਰ ਰਿਹਾ ਸੀ, ਉਦੋਂ ਕਬੱਡੀ ਦੇਖ ਰਿਹਾ ਸੀ ਤੇ ਟੀਮ ਦਾ ਹੌਸਲਾ ਵਧਾ ਰਿਹਾ ਸੀ। “ਹੁਣ ਮੈਂ ਵਾਪਸ ਰੇਡ ਪਾਉਣ ਆਇਆ ਹਾਂ।”

ਅਮਿਤੋਜ ਨੇ ਦੱਸਿਆ, “ਅਸੀਂ ਬੀਤੇ ਵੇਲਿਆਂ ਦੀ ਫਿਲਮ ਬਣਾ ਰਹੇ ਸੀ। ਇੱਥੇ ਕਹਾਣੀ ਤੋਂ ਜ਼ਿਆਦਾ ਫਿਲਮ ਦੀ ਕਾਮਯਾਬੀ ਲਈ ਸੈੱਟ ਦੀ ਬਣਤਰ ਤੇ ਉਸ ਸਮੇਂ ਨੂੰ ਦਰੁਸਤ ਢੰਗ ਨਾਲ ਦਿਖਾਉਣਾ ਮਹੱਤਵਪੂਰਨ ਸੀ। ਉਨ੍ਹਾਂ ਸਮਿਆਂ ਵਿੱਚ ਸਭ ਕੁਝ ਉੱਚਾ ਹੁੰਦਾ ਸੀ, ਸੰਵਾਦ ਤੋਂ ਲੈ ਕੇ ਐਕਸ਼ਨ ਸੀਨਾਂ ਤੱਕ, ਇਸ ਲਈ ਅਸੀਂ ਇਨ੍ਹਾਂ ਨੂੰ ਇਸੇ ਤਰ੍ਹਾਂ ਹੀ ਰੱਖਿਆ ਹੈ।”

ਪੰਜਾਬ ਦੀਆਂ ਲੋਕ ਗਾਥਾਵਾਂ ਦੇ ਨਾਇਕ ਸੁੱਚਾ ਸਿੰਘ ਦੀ ਜ਼ਿੰਦਗੀ ’ਤੇ ਆਧਾਰਿਤ ਇਸ ਫਿਲਮ ਵਿੱਚ ਬੱਬੂ ਮੁੱਖ ਭੂਮਿਕਾ ’ਚ ਦਿਖੇਗਾ, ਤੇ ਕਿਹੜੀਆਂ ਸਥਿਤੀਆਂ ’ਚ ਉਹ ਡਾਕੂ ਬਣਿਆ, ਇਹ ਵੀ ਫਿਲਮ ਵਿੱਚ ਦਿਖਾਇਆ ਜਾਵੇਗਾ। ਸੋਸ਼ਲ ਮੀਡੀਆ ’ਤੇ ਬੱਬੂ ਨੇ ਕਿਹਾ, “ਜਦ ਆਪਣੇ ਆਪ ਨੂੰ ਜਾਂ ਆਪਣੇ ਕੰਮ ਨੂੰ ਪ੍ਰਚਾਰਨ ਦੀ ਵਾਰੀ ਆਉਂਦੀ ਹੈ ਤਾਂ ਮੈਂ ਸੋਸ਼ਲ ਮੀਡੀਆ ਪ੍ਰਤੀ ਜ਼ਿਆਦਾ ਝੁਕਾਅ ਨਹੀਂ ਰੱਖਦਾ। ਹਾਂ, ਇੰਟਰਨੈੱਟ, ਫੋਨ ਤੇ ਇਨ੍ਹਾਂ ਸੋਸ਼ਲ ਮੀਡੀਆ ਪਲੈਟਫਾਰਮਾਂ ਦੇ ਫਾਇਦੇ ਹਨ ਪਰ ਜਦ ਤੁਹਾਡੇ ਵਿਚਾਰਾਂ ਨੂੰ ਢਾਹ ਲੱਗਦੀ ਹੈ ਤਾਂ ਸਭ ਕੁਝ ਸਰਾਪ ਵਰਗਾ ਬਣ ਜਾਂਦਾ ਹੈ। ਇਹ ਪੂੰਜੀਪਤੀ ਤੇ ਬਹੁਕੌਮੀ ਕੰਪਨੀਆਂ ਸਾਡੇ ਤੋਂ ਦਸ ਸਾਲ ਅੱਗੇ ਦਾ ਸੋਚਦੇ ਹਨ। ਨਰਸਰੀ ਦਾ ਬੱਚਾ ਵੀ ਹੱਥ ’ਚ ਫੋਨ ਫੜ ਕੇ ਖਾਣਾ ਖਾ ਰਿਹਾ ਹੈ। ਇਹ ਸਾਡੇ ਸੱਭਿਆਚਾਰ ਨੂੰ ਤਬਾਹ ਕਰ ਰਿਹਾ ਹੈ ਤੇ ਸਾਨੂੰ ਗੁੰਮਰਾਹ ਕਰ ਰਿਹਾ ਹੈ।” ਉਸ ਨੇ ਇਹ ਵੀ ਕਿਹਾ ਕਿ ਜੇ ਹਰ ਸਟਾਰ ਨੂੰ ਸੋਸ਼ਲ ਮੀਡੀਆ ’ਤੇ ਲਾਈਵ ਹੋਣ ਦੇ 10,000 ਰੁਪਏ ਮਿਲਦੇ ਹੁੰਦੇ ਤਾਂ ਕੋਈ ਵੀ ਲਾਈਵ ਹੋਣ ਤੋਂ ਪਿੱਛੇ ਨਾ ਰਹਿੰਦਾ। ਉਸ ਨੇ ਕਿਹਾ “ਇਸੇ ਤਰ੍ਹਾਂ, ਜੇ ਤੁਹਾਡੇ ਸੰਗੀਤਕ ਵੀਡੀਓ ’ਤੇ ਅਸਲੀ ਲਾਈਕ ਜਾਂ ਕਲਿਕ ਲੱਭਣ ਲਈ ਇੱਕ ਐਪ ਲਾਂਚ ਹੋ ਜਾਵੇ ਤਾਂ ਹਰ ਕਿਸੇ ਨੂੰ ਪਤਾ ਲੱਗ ਜਾਵੇਗਾ ਕਿ ਕਿੰਨੇ ਜਣੇ 10 ਲੱਖ ਨੂੰ 10 ਕਰੋੜ ਦੱਸ ਰਹੇ ਹਨ! ਇਹ ਸਭ ਦਿਖਾਵਾ ਹੈ।”

ਬੱਬੂ ਨੇ ਕਿਹਾ ਕਿ ਫਿਲਮਾਂ ਰਾਹੀਂ, ਖ਼ਾਸ ਤੌਰ ’ਤੇ ਜਿਹੜੀਆਂ ਪੰਜਾਬ ਦੇ ਮਾਲਵਾ ਖਿੱਤੇ ਦੀਆਂ ਕਹਾਣੀਆਂ ਬਿਆਨਦੀਆਂ ਹਨ, ਉਹ ਪੰਜਾਬ ਦੇ ਲੋਕਾਂ ਨੂੰ ਅਮੀਰ ਲੋਕਧਾਰਾ, ਇਤਿਹਾਸ ਤੇ ਅਸਲ ਜ਼ਿੰਦਗੀ ਦੇ ਨਾਇਕਾਂ ਦੇ ਰੂਬਰੂ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। “ਸੁੱਚਾ ਸੂਰਮਾ ਇਸੇ ਪਾਸੇ ਪੁੱਟਿਆ ਗਿਆ ਇੱਕ ਕਦਮ ਹੈ। ਜੇ ਫਿਲਮ ਚੱਲਦੀ ਹੈ ਤਾਂ ਅਸੀਂ ਅਜਿਹੇ ਹੋਰ ਪ੍ਰਾਜੈਕਟ ਲੈ ਕੇ ਆਵਾਂਗੇ ਜੋ ਪੰਜਾਬੀ ਸੱਭਿਆਚਾਰ ਤੇ ਭਾਸ਼ਾ ਦੇ ਪ੍ਰਸਾਰ ਵਿੱਚ ਮਦਦ ਕਰਨ। ਤੇਜ਼ ਰਫ਼ਤਾਰ ਦੁਨੀਆ ਵਿੱਚ ਜਦ ‘ਮੈਟਾਵਰਸ’ ਵਰਚੁਅਲ ਸ਼ਹਿਰ ਬਣਾ ਰਿਹਾ ਹੈ, ਅਹਿਮ ਹੈ ਕਿ ਅਸੀਂ ਆਪਣੇ ਨਾਇਕਾਂ ਦੀਆਂ ਕਹਾਣੀਆਂ ਨੂੰ ਸਿਨੇਮਾ ਰਾਹੀਂ ਪੇਸ਼ ਕਰੀਏ। ਜਦ ਸਕੂਲਾਂ ਵਿੱਚ ਪਾਠਕ੍ਰਮ ਦੀਆਂ ਕਿਤਾਬਾਂ ਸਾਨੂੰ ਤੀਜੀ ਜਮਾਤ ’ਚ ਜੌਹਨ ਕੀਟਸ ਪੜ੍ਹਾ ਰਹੀਆਂ ਹਨ! ਤਾਂ ਬਾਵਾ ਬਲਵੰਤ ਦੀ ਗੱਲ ਕੌਣ ਕਰੇਗਾ?”

ਸਾਗਾ ਸਟੂਡੀਓਜ਼ ਤੇ ‘ਸੈਵਨ ਕਲਰਜ਼’ ਰਲ ਕੇ ਇਸ ਫਿਲਮ ਨੂੰ ਪੇਸ਼ ਕਰ ਰਹੇ ਹਨ, ਜਿਸ ਵਿੱਚ ਸਮੀਕਸ਼ਾ ਓਸਵਾਲ, ਸੁਵਿੰਦਰ ਵਿੱਕੀ, ਸਰਬਜੀਤ ਚੀਮਾ, ਮਹਾਬੀਰ ਭੁੱਲਰ, ਗੁਰਿੰਦਰ ਮਕਨਾ, ਗੁਰਪ੍ਰੀਤ ਤੋਤੀ, ਗੁਰਪ੍ਰੀਤ ਰਟੋਲ ਤੇ ਜਗਜੀਤ ਬਾਜਵਾ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ ਹਨ।

ਬੱਬੂ ਮਾਨ ਨੇ ਅੰਤ ਵਿੱਚ ਕਿਹਾ, “ਮੈਂ ਕਿਸਾਨ ਸੀ ਤੇ ਹੁਣ ਵੀ ਕਿਸਾਨ ਹੀ ਹਾਂ। ਹਰੇਕ ਬੰਦੇ ਦੇ ਸੰਘਰਸ਼ ਦਾ ਢੰਗ-ਤਰੀਕਾ ਵੱਖਰਾ ਹੁੰਦਾ ਹੈ ਪਰ ਮੈਂ ਮੰਚ ’ਤੇ ਉੱਚਾ ਬੋਲਣਾ ਜਾਂ ਕਿਸੇ ਦਾ ਨਿਰਾਦਰ ਕਰਨਾ ਪਸੰਦ ਨਹੀਂ ਕਰਦਾ। ਮੇਰਾ ਮੰਨਣਾ ਹੈ ਕਿ ਉਂਗਲੀ ਚੁੱਕੇ ਬਿਨਾਂ ਵੀ ਸਭ ਕੁਝ ਨਿਮਰਤਾ ਨਾਲ ਕਿਹਾ ਜਾ ਸਕਦਾ ਹੈ।”

## ਕਰੀਨਾ ਕਪੂਰ ਦੇ ਨਾਮ ’ਤੇ ਫ਼ਿਲਮ ਫ਼ੈਸਟੀਵਲ ਕਰਾਉਣ ਦਾ ਐਲਾਨ

ਭਾਰਤੀ ਸਿਨੇਮਾ ਵਿੱਚ ਕਰੀਨਾ ਕਪੂਰ ਖ਼ਾਨ ਦੇ ਯੋਗਦਾਨ ’ਤੇ ਫਿਲਮ ਫ਼ੈਸਟੀਵਲ ਕਰਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਮਲਟੀ-ਸਿਟੀ ਫਿਲਮ ਫੈਸਟੀਵਲ ਅਦਾਕਾਰਾ ਦੇ ਸ਼ਾਨਦਾਰ ਕਰੀਅਰ ਨੂੰ ਦਰਸਾਏਗਾ ਅਤੇ ਉਸ ਦੀਆਂ ਕੁਝ ਵਧੀਆ ਫ਼ਿਲਮਾਂ ਨੂੰ ਵੱਡੇ ਪਰਦੇ ’ਤੇ ਪ੍ਰਦਰਸ਼ਿਤ ਕਰੇਗਾ। ਕਰੀਨਾ ਨੇ ਇੰਸਟਾਗ੍ਰਾਮ ’ਤੇ ਇਸ ਸਬੰਧੀ ਜਾਣਕਾਰੀ ਸਾਂਝੀ ਕੀਤੀ ਹੈ। ਉਸ ਨੇ ਕਿਹਾ, ‘ਮੇਰੀਆਂ ਰਗਾਂ ਵਿੱਚ ਜੋ ਖ਼ੂਨ ਹੈ ਉਸੇ ਦਾ ਜਾਦੂ ਸਕਰੀਨ ’ਤੇ ਹੈ। ਮੈਂ ਕੰਮ ਨੂੰ ਪਿਆਰ ਕਰਦੀ ਹਾਂ।’ ਇਸ ਦੇ ਨਾਲ ਹੀ ਉਸ ਨੇ ਦਿਲ ਦੀ ਇਮੋਜੀ ਵੀ ਸਾਂਝੀ ਕੀਤੀ ਹੈ। ਉਸ ਨੇ ਇਸ ਫੈਸਟੀਵਲ ਲਈ ਪੀਵੀਆਰ ਸਿਨੇਮਾ ਅਤੇ ਆਈਨਾਕਸ ਮੂਵੀਜ਼ ਦਾ ਧੰਨਵਾਦ ਕੀਤਾ ਹੈ। ਅਦਾਕਾਰਾ ਨੇ ਭਾਰਤੀ ਸਿਨੇਮਾ ਵਿੱਚ ਢਾਈ ਦਹਾਕੇ ਪੂਰੇ ਕਰ ਲਏ ਹਨ। ਇਸ ਮੌਕੇ ਫ਼ਿਲਮ ‘ਜਬ ਵੀ ਮੈਟ’ ਦੀ ਅਦਾਕਾਰਾ ਨੇ ਫ਼ਿਲਮ ਫੈਸਟੀਵਲ ਦਾ ਟਰੇਲਰ ਵੀ ਸਾਂਝਾ ਕੀਤਾ।



## ਫਿਲਮ ‘ਜਿਗਰਾ’ ਦੇ ਗੀਤ ‘ਕੁੜੀ’ ਵਿੱਚ ਆਪਣੀ ਆਵਾਜ਼ ਦੇਵੇਗਾ ਦਿਲਜੀਤ

ਅਦਾਕਾਰ ਤੇ ਗਾਇਕ ਦਿਲਜੀਤ ਦੋਸਾਂਝ ਆਪਣੀ ਆਉਣ ਵਾਲੀ ਫ਼ਿਲਮ ‘ਜਿਗਰਾ’ ਦਾ ਗੀਤ ‘ਕੁੜੀ’ ਆਪ ਗਾਏਗਾ, ਜਿਸ ਵਿਚ ਅਦਾਕਾਰਾ ਵਜੋਂ ਆਲੀਆ ਭੱਟ ਕੰਮ ਕਰੇਗੀ। ਆਲੀਆ ਨੇ ਦਿਲਜੀਤ ਨਾਲ ਆਪਣੀ ਤਸਵੀਰ ਸ਼ੇਅਰ ਕੀਤੀ ਹੈ, ਜਿਸ ਵਿਚ ਦਿਲਜੀਤ ਅਤੇ ਆਲੀਆ ਕੈਮਰੇ ਵੱਲ ਪਿੱਠ ਕਰ ਕੇ ਕੁਰਸੀ ’ਤੇ ਬੈਠੇ ਨਜ਼ਰ ਆ ਰਹੇ ਹਨ। ਦਿਲਜੀਤ ਜਿਸ ਕੁਰਸੀ ’ਤੇ ਬੈਠਾ ਹੈ, ਉਸ ’ਤੇ ‘ਸਿੰਗਜ਼ ਅਬਾਊਟ ਕੁੜੀ’ ਲਿਖਿਆ ਹੋਇਆ ਹੈ ਅਤੇ ਆਲੀਆ ਦੀ ਕੁਰਸੀ ’ਤੇ ‘ਦਿ ਸੈਅਡ ਕੁੜੀ’ ਲਿਖਿਆ ਹੋਇਆ ਹੈ। ਇਸ ਦੀ ਕੈਪਸ਼ਨ ਲਈ ਵਿਚ ਆਲੀਆ ਨੇ ਲਿਖਿਆ, ‘ਕੁਰਸੀਆਂ ਸਭ ਕੁਝ ਕਹਿੰਦੀਆਂ ਹਨ 0ਦਿਲਜੀਤ ਦੋਸਾਂਝ।’ ਫਿਲਮ ‘ਜਿਗਰਾ’ ਦਾ ਟੀਜ਼ਰ 8 ਸਤੰਬਰ ਨੂੰ ਰਿਲੀਜ਼ ਕੀਤਾ ਗਿਆ ਸੀ, ਜਿਸ ਨੇ ਭੈਣ-ਭਰਾ ਦਾ ਪਿਆਰ ਦਿਖਾਇਆ ਗਿਆ ਹੈ। ਇਹ ਕਿਰਦਾਰ ਆਲੀਆ ਤੇ ਵੇਦਾਂਗ ਰੈਨਾ ਨੇ ਨਿਭਾਇਆ ਹੈ।

## ਐਸ਼ਵਿਰਆ ਰਾਏ ਨੂੰ ਮਿਲਿਆ ਸਰਵੋਤਮ ਅਦਾਕਾਰਾ ਦਾ ਪੁਰਸਕਾਰ



ਐਸ਼ਵਰਿਆ ਰਾਏ ਬੱਚਨ ਅਤੇ ਬੇਟੀ ਆਰਾਧਿਆ ਬੱਚਨ ਨੇ 15 ਸਤੰਬਰ ਨੂੰ ਦੁਬਈ ਵਿੱਚ ਆਯੋਜਿਤ ਸਾਊਥ ਇੰਡੀਅਨ ਇੰਟਰਨੈਸ਼ਨਲ ਮੂਵੀ ਅਵਾਰਡ (SIIMA) 2024 ਵਿੱਚ ਸ਼ਿਰਕਤ ਕੀਤੀ। ਸਾਊਥ ਫਿਲਮ ਇੰਡਸਟਰੀ ਦੀ ਪਾਵਰ ਪੈਕ ਜੋੜੀ ਨਯਨਥਤਾਰਾ ਅਤੇ ਵਿਗਨੇਸ਼ ਸ਼ਿਵਨ ਨੇ ਵੀ ਇਸ ਸ਼ਾਨਦਾਰ ਐਵਾਰਡ ਫੰਕਸ਼ਨ ਵਿੱਚ ਸ਼ਿਰਕਤ ਕੀਤੀ। ਐਵਾਰਡ ਫੰਕਸ਼ਨ ਚ ਇਨ੍ਹਾਂ ਸਿਤਾਰਿਆਂ ਦੀਆਂ ਕੁਝ ਖਾਸ ਤਸਵੀਰਾਂ ਸਾਹਮਣੇ ਆਈਆਂ ਹਨ, ਜੋ ਸੋਸ਼ਲ ਮੀਡੀਆ ’ਤੇ ਖ਼ੂਬ ਵਾਹ-ਵਾਹ ਖੱਟ ਰਹੀਆਂ ਹਨ।ਐਸ਼ਵਰਿਆ ਰਾਏ ਬੱਚਨ ਨੇ ਮਣੀ ਰਤਨਮ ਦੀ ਫਿਲਮ ਪੋਨੀਯਿਨ ਸੇਲਵਨ: ਭਾਗ 2 ਵਿੱਚ ਆਪਣੀ ਅਦਾਕਾਰੀ ਲਈ ਸਰਵੋਤਮ ਅਭਿਨੇਤਰੀ (ਆਲੋਚਕ) ਸ਼੍ਰੇਣੀ ਵਿੱਚ ਸਾਈਮਾ ਅਵਾਰਡ ਜਿੱਤਿਆ। ਇਹ ਐਵਾਰਡ ਉਨ੍ਹਾਂ ਨੂੰ ਨਿਰਦੇਸ਼ਕ ਕਬੀਰ ਖਾਨ ਨੇ ਦਿੱਤਾ। ਜਿਵੇਂ ਹੀ ਉਹ ਐਵਾਰਡ ਲੈਣ ਲਈ ਸਟੇਜ ਤੇ ਗਈ ਤਾਂ ਅਦਾਕਾਰਾ ਦੀ ਬੇਟੀ ਆਰਾਧਿਆ ਨੇ ਇਸ ਪਲ ਨੂੰ ਆਪਣੇ ਫੋਨ ’ਤੇ ਕੈਦ ਕਰ ਲਿਆ। ਸਟੇਜ ਤੋਂ ਤਸਵੀਰਾਂ ‘ਚ ਮਿਸ ਵਰਲਡ 1994 ਦਾ ਐਵਾਰਡ ਲੈਂਦੀ ਨਜ਼ਰ ਆ ਰਹੀ ਹੈ।ਐਤਵਾਰ ਨੂੰ ਧੀ ਆਰਾਧਿਆ ਦੇ ਨਾਲ ਸਾਇਮਾ ਪਹੁੰਚੀ ਐਸ਼ਵਰਿਆ ਰਾਏ ਨੂੰ ਮੌਕੇ ਦੇ ਬਾਹਰ ਇਕੱਠੇ ਹੋਏ ਪ੍ਰਸ਼ੰਸਕਾਂ ਨਾਲ ਸੈਲਫੀ ਲੈਂਦੇ ਹੋਏ ਦੇਖਿਆ ਗਿਆ। ਮਾਂ-ਧੀ ਦੀ ਜੋੜੀ ਸ਼ਾਮ ਨੂੰ ਰੈੱਡ ਕਾਰਪੇਟ ’ਤੇ ਰੈਂਪ ਕਰਦੇ ਦੇਖਿਆ ਗਿਆ।ਸੇਲਿਬ੍ਰਿਟੀ ਜੋੜਾ ਨਯਨਤਾਰਾ ਅਤੇ ਵਿਗਨੇਸ਼ ਸ਼ਿਵਨ ਨੇ ਵੀ ਸਾਈਮਾ 2024 ਵਿੱਚ ਸੁਰਖੀਆਂ ਬਟੋਰੀਆਂ। ਜੋੜੇ ਨੇ ਸਟੇਜ ’ਤੇ ਦਿਲ ਨੂੰ ਛੂਹਣ ਵਾਲਾ ਅਤੇ ਰੋਮਾਂਟਿਕ ਪਲ ਸਾਂਝਾ ਕੀਤਾ। ਸੈਮਾ 2024 ਦੇ ਮੰਚ ਤੋਂ ਇਸ ਜੋੜੇ ਦੀ ਇੱਕ ਤਸਵੀਰ ਸਾਹਮਣੇ ਆਈ ਹੈ, ਜਿਸ ਵਿੱਚ ਜੋੜੇ ਨੂੰ ਜਿੱਤ ਦਾ ਜਸ਼ਨ ਮਨਾਉਂਦੇ ਦੇਖਿਆ ਜਾ ਸਕਦਾ ਹੈ।

# ਸੋਸ਼ਲ ਮੀਡੀਆ ਅਤੇ ਸਮਾਜੀਕਰਨ

ਕੰਵਲਜੀਤ ਕੌਰ ਗਿੱਲ*
* ਸਾਬਕਾ ਪ੍ਰੋਫੈਸਰ ਆਫ



ਆਧੁਨਿਕ ਯੁੱਗ ਡਿਜੀਟਲ ਤਕਨਾਲੋਜੀ ਅਤੇ ਮਸਨੂਈ ਬੁੱਧੀ (ਆਰਟੀਫੀਸ਼ਅਲ ਇੰਟੈਲੀਜੈਂਸ) ਦਾ ਹੈ। ਸਮਾਰਟ ਫੋਨ ਜ਼ਰੀਏ ਹਰ ਉਮਰ ਅਤੇ ਵਰਗ ਦਾ ਵਿਅਕਤੀ ਸੋਸ਼ਲ ਮੀਡੀਆ ਉੱਪਰ ਕਾਰਜਸ਼ੀਲ ਹੈ। ਸੋਸ਼ਲ ਮੀਡੀਆ ਦੀਆਂ ਅਨੇਕਾਂ ਹੀ ਐਪਸ ਅਤੇ ਸਾਈਟਾਂ ਹਨ ਜਿਨ੍ਹਾਂ ਦੀ ਬਦੌਲਤ ਅਸੀਂ ਦੁਨੀਆ ਭਰ ਦੀ ਜਾਣਕਾਰੀ ਇੱਕ ਬਟਨ ਦਬਾਉਣ ਨਾਲ ਪ੍ਰਾਪਤ ਕਰ ਸਕਦੇ ਹਾਂ। ਕਈ ਟੂਲਜ਼ ਇਹੋ ਜਿਹੇ ਵੀ ਹਨ ਜਿਹੜੇ ਤੁਹਾਡੇ ਦਿਮਾ.ਗ, ਸਿਹਤ ਅਤੇ ਸਮੂਹ ਸਰੀਰਕ ਕਾਰਜ ਪ੍ਰਣਾਲੀ ਨੂੰ ਕੰਟਰੋਲ ਕਰਦੇ ਹਨ। ਸਮਾਰਟ ਫੋਨ ਇਤਨਾ ਕੁ ਸਮਾਰਟ ਹੈ ਕਿ ਕੁਝ ਦੇਰ ਵਰਤੋਂ ਕਰਨ ਤੋਂ ਬਾਅਦ ਉਸ ਕੋਲ ਤੁਹਾਡੇ ਬਾਰੇ ਲਗਭਗ ਸਾਰੀ ਜਾਣਕਾਰੀ ਇਕੱਠੀ ਹੋ ਜਾਂਦੀ ਹੈ। ਤੁਹਾਡੀ ਪਸੰਦ ਕੀ ਹੈ, ਤੁਹਾਨੂੰ ਕਿਹੜੀ ਬਿਮਾਰੀ ਹੈ, ਕਿਸ ਪ੍ਰਕਾਰ ਦੀ ਦਵਾ-ਦਾਰੂ ਤੁਹਾਡੇ ਲਈ ਸਹੀ ਹੈ, ਤੁਸੀਂ ਪਿਛਲੇ ਖ਼ਾਸ ਸਮੇਂ 'ਤੇ ਕਿੱਥੇ ਗਏ ਸੀ, ਤੁਹਾਡੀਆਂ ਖਿੱਚੀਆਂ ਫੋਟੋਆਂ ਤੋਂ ਉਹ ਦੱਸ ਦੇਵੇਗਾ ਅਤੇ ਤੁਹਾਨੂੰ ਫੋਟੋ ਵੀ ਦਿਖਾਵੇਗਾ। ਇੱਥੋਂ ਤੱਕ ਕਿ ਸਮਾਰਟ ਫੋਨ ਨਾਲ ਤੁਸੀਂ ਬੈਠੇ ਬੈਠੇ ਅਲੈਕਸਾ/ ਸੀਰੀ/ ਗੂਗਲ ਆਦਿ ਨੂੰ ਹੁਕਮ ਦੇ ਸਕਦੇ ਹੋ ਕਿ ਕਮਰੇ ਦੀ ਲਾਈਟ ਬੰਦ ਕਰੇ ਜਾਂ ਜਗਾ ਦੇਵੇ; ਤੁਹਾਡੀ .ਗੈਰ-ਮੌਜੂਦਗੀ ਦੌਰਾਨ ਘਰ ਵਿੱਚ ਦਾਖ਼ਲ ਹੋਣ ਵਾਲੇ ਕਿਸੇ ਵੀ ਓਪਰੇ ਵਿਅਕਤੀ ਦਾ ਧਿਆਨ ਰੱਖੇ ਆਦਿ। ਸਮਾਰਟ ਫੋਨ ਰੋਬੋਟ ਦੀ ਸਹਾਇਤਾ ਨਾਲ ਲਗਭਗ ਹਰ ਇੱਕ ਪ੍ਰਕਾਰ ਦੇ ਕੰਮ ਕਰ ਸਕਦਾ ਹੈ। ਇੰਜ ਅਸੀਂ ਕਹਿ ਸਕਦੇ ਹਾਂ ਕਿ ਮਸਨੂਈ ਬੁੱਧੀ ਦੀ ਵਰਤੋਂ ਨਾਲ ਜ਼ਿੰਦਗੀ ਸੁਖਾਲੀ ਹੋ ਗਈ ਹੈ, ਪਰ ਇਹ ਸਾਰਾ ਕੁਝ ਇਤਨਾ ਸਰਲ ਨਹੀਂ ਹੈ।

ਸੋਸ਼ਲ ਮੀਡੀਆ ਉੱਪਰ ਕਾਰਜਸ਼ੀਲ ਰਹਿਣ ਅਤੇ ਸੋਸ਼ਲ ਹੋਣ ਵਿੱਚ ਫ਼ਰਕ ਹੈ। ਕਿਸੇ ਵੀ ਸ਼ੈਅ ਦਾ ਇੱਕ ਸੀਮਾ ਤੋਂ ਵਧੇਰੇ ਪ੍ਰਯੋਗ ਹਮੇਸ਼ਾ ਹੀ ਖ਼ਤਰਨਾਕ ਅਤੇ ਨੁਕਸਾਨਦੇਹ ਹੁੰਦਾ ਹੈ। ਕੁਝ ਇਸੇ ਪ੍ਰਕਾਰ ਦੀ ਸਥਿਤੀ ਹੈ ਸੋਸ਼ਲ ਮੀਡੀਆ ਅਤੇ ਇਸ ਦੀ ਜ਼ਰੂਰਤ ਤੋਂ ਵਧੇਰੇ ਵਰਤੋਂ ਦੀ। ਵਾਧੂ ਸਕਰੀਨ ਸਮਾਂ, ਫਜ਼ੂਲ ਅਤੇ ਅਣ-ਉਤਪਾਦਕ ਕੰਮਾਂ ਵਿੱਚ ਰੁੱਝੇ ਰਹਿਣ ਨਾਲ ਸਮੇਂ ਦੀ ਬਰਬਾਦੀ ਹੁੰਦੀ ਹੈ। ਇਸ ਦੀ ਲਗਾਤਾਰ ਵਰਤੋਂ ਕਰਨ ਵਾਲੇ ਕਈ ਪ੍ਰਕਾਰ ਦੀਆਂ ਮਾਨਸਿਕ, ਮਨੋਵਿਗਿਆਨਿਕ ਅਤੇ ਭਾਵਨਾਤਮਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਉਹ ਚੌਗਿਰਦੇ ਦੇ ਨਾਲ ਜੁੜੇ ਮਹਿਸੂਸ ਕਰਦਿਆਂ ਵੀ ਇਕੱਲਤਾ ਦੀ ਜ਼ਿੰਦਗੀ ਜਿਊਂ ਰਹੇ ਹਨ। ਹੌਲੀ ਹੌਲੀ ਉਹ ਡਿਪਰੈਸ਼ਨ, ਚਿੰਤਾ, ਡਰ ਵਰਗੀਆਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋਣ ਲੱਗਦੇ ਹਨ। ਨੀਂਦ ਦਾ ਅਨਿਯਮਤ ਹੋਣਾ ਵੀ ਇਸੇ ਦਾ ਨਤੀਜਾ ਹੈ। ਉਨ੍ਹਾਂ ਵਿੱਚ ਹੀਣ ਭਾਵਨਾ ਤੇ ਨਾਕਾਰਾਤਮਕ ਸੋਚ ਭਾਰੂ ਹੋਣ ਲੱਗਦੀ ਹੈ ਅਤੇ ਵਿਅਕਤੀ ਬਾਹਰ ਵਿਚਰਨ ਦੀ ਥਾਂ ਅੰਤਰਮੁਖੀ ਹੋਣ ਲੱਗਦਾ ਹੈ।

ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਦਾ ਬੱਚਿਆਂ ਅਤੇ ਖ਼ਾਸ ਤੌਰ 'ਤੇ ਵਿਦਿਆਰਥੀਆਂ ਉੱਪਰ ਸਭ ਤੋਂ ਮਾੜਾ ਅਸਰ ਪੈ ਰਿਹਾ ਹੈ। ਅੰਤਰਰਾਸ਼ਟਰੀ ਵਿਦਿਆਰਥੀ ਅਸੈਸਮੈਂਟ ਪ੍ਰੋਗਰਾਮ (PISA) ਦੁਆਰਾ ਵਿਸ਼ਾਲ ਪੱਧਰ 'ਤੇ ਕੀਤੀ ਖੋਜ ਵੀ ਦੱਸਦੀ ਹੈ ਕਿ ਸੂਚਨਾ ਅਤੇ ਸੰਚਾਰ ਤਕਨੀਕ ਦੀ ਵਧੇਰੇ ਵਰਤੋਂ ਵਿਦਿਆਰਥੀਆਂ ਦੀ ਕਾਰਗੁਜ਼ਾਰੀ 'ਤੇ ਮਾੜਾ ਪ੍ਰਭਾਵ ਪਾਉਂਦੀ ਹੈ। ਵਿਦਿਆਰਥੀ ਇਕਾਗਰ ਚਿੱਤ ਹੋ ਕੇ ਪੜ੍ਹਾਈ ਨਹੀਂ ਕਰ ਸਕਦਾ। ਹਾਲ ਹੀ ਵਿੱਚ ਯੂਨੈਸਕੋ (UNESCO) ਨੇ 14 ਦੇਸ਼ਾਂ ਦੇ ਵਿਦਿਆਰਥੀਆਂ ਦਾ ਇੱਕ ਵੱਡਾ ਸੈਂਪਲ ਲੈ ਕੇ ਅਧਿਐਨ ਕੀਤਾ। ਇਹ ਰਿਪੋਰਟ ਵੀ ਇਸ ਨਤੀਜੇ 'ਤੇ ਪਹੁੰਚੀ ਹੈ ਕਿ ਵਿਦਿਆਰਥੀਆਂ ਦੁਆਰਾ ਮੋਬਾਈਲ ਦੀ ਵਧੇਰੇ ਵਰਤੋਂ ਅਤੇ ਵਿਦਿਅਕ ਪ੍ਰਾਪਤੀ ਦੇ ਪੱਧਰ ਵਿੱਚ ਨਿਘਾਰ ਨਾਲ ਸਿੱਧਾ ਅਤੇ ਸਪਸ਼ਟ ਸਬੰਧ ਹੈ। ਇਹ ਪ੍ਰਾਇਮਰੀ, ਮਿਡਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਤੱਕ ਦੇ ਹਰ ਪ੍ਰਕਾਰ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਪ੍ਰਭਾਵਿਤ ਕਰਦਾ ਹੈ। ਬੱਚੇ ਇਸ ਦੀ ਲਗਾਤਾਰ ਵਰਤੋਂ ਕਰਨ ਦੇ ਆਦੀ ਹੋ ਰਹੇ ਹਨ ਕਿਉਂਕਿ ਕਲਾਸ ਵਿੱਚ ਜਦੋਂ ਕਿਤਾਬ ਦੀ ਜਗ੍ਹਾ ਸਕਰੀਨ ਅਤੇ ਪੈੱਨ-ਪੈਨਸਿਲ ਦੀ ਜਗ੍ਹਾ ਕੀ-ਬੋਰਡ ਆ ਜਾਂਦਾ ਹੈ ਤਾਂ ਇਹ ਤਕਨੀਕੀ ਸਰੋਤ ਪੜ੍ਹਾਈ ਵਿੱਚ ਮਦਦਗਾਰ ਹੋਣ ਦੀ ਥਾਂ ਵਿਦਿਆਰਥੀ ਦੀ ਮਾਨਸਿਕਤਾ ਉੱਪਰ ਹਾਵੀ ਹੋਣ ਲੱਗਦੇ ਹਨ। ਵਿਦਿਆਰਥੀ ਦਾ ਸਮਾਂ ਅਧਿਆਪਕ ਦੇ ਦੱਸੇ ਸਰੋਤ/ ਸਾਈਟ ਦੀ ਥਾਂ ਹੋਰ ਸਮੱਗਰੀ ਦੇਖਣ/ ਫਰੋਲਣ ਵਿੱਚ ਨਸ਼ਟ ਹੋਣ ਲੱਗਦਾ ਹੈ। ਬੱਚੇ ਦਾ ਸਕਰੀਨ ਸਮਾਂ ਵਧਣ ਲੱਗਦਾ ਹੈ। ਸਕਰੀਨ ਦੀ ਨੀਲੀ ਰੌਸ਼ਨੀ ਦਾ ਨਜ਼ਰ ਉਪਰ ਮਾੜਾ ਪ੍ਰਭਾਵ ਪੈਂਦਾ ਹੈ। ਕੋਵਿਡ-19 ਦੌਰਾਨ ਮਜਬੂਰੀਵੱਸ ਸਮਾਜਿਕ ਦੂਰੀ ਰੱਖਣ ਦੇ ਮਨਸ਼ੇ ਨੂੰ ਪੂਰਾ ਕਰਨ ਲਈ ਸਭ ਵਿਦਿਅਕ ਅਦਾਰੇ, ਦਫਤਰ, ਸਰਕਾਰੀ ਤੇ .ਗੈਰ-ਸਰਕਾਰੀ ਸੰਸਥਾਵਾਂ ਆਦਿ ਬੰਦ ਕਰ ਦਿੱਤੇ ਗਏ ਸਨ। ਦਫਤਰਾਂ ਦਾ ਕੰਮ ਘਰੇ ਬੈਠੇ ਹੀ ਹੋਣ ਲੱਗ ਗਿਆ ਸੀ। ਕੁਝ ਦੇਰ ਬਾਅਦ ਪੜ੍ਹਾਈ ਦਾ ਕਾਰਜ ਜਾਰੀ ਰੱਖਣ ਵਾਸਤੇ ਵਿਦਿਅਕ ਅਦਾਰਿਆਂ ਵਿੱਚ ਆਨਲਾਈਨ ਕਲਾਸਾਂ ਦਾ ਸੰਕਲਪ ਮਾਰਕੀਟ ਵਿੱਚ ਆਇਆ। ਰਵਾਇਤ ਦੇ ਉਲਟ ਜਾਂਦਿਆਂ ਵਿਦਿਆਰਥੀਆਂ ਦੇ ਹੱਥ ਮਜਬੂਰਨ ਸਮਾਰਟ ਫੋਨ ਫੜਾਏ ਗਏ ਪਰ ਨਿੱਜੀ ਕੰਪਨੀਆਂ ਨੂੰ ਘਰੇ ਬੈਠ ਕੇ ਕੰਮ ਕਰਵਾਉਣਾ ਅਤੇ ਆਪਸੀ ਸੰਪਰਕ ਦੇ ਉਲਟ ਸੋਸ਼ਲ ਦੂਰੀ ਬਣਾਈ ਰੱਖਣ ਦਾ ਸਿਧਾਂਤ ਰਾਸ ਆ ਗਿਆ ਜਿਹੜਾ ਹੁਣ ਤੱਕ ਵੀ ਬਹੁਤੀਆਂ ਕੰਪਨੀਆਂ ਵਿੱਚ ਜਾਰੀ ਹੈ। ਵਿਦਿਆਰਥੀਆਂ ਉੱਪਰ ਸਮਾਰਟ ਫੋਨ ਦੀ ਵਧੇਰੇ ਵਰਤੋਂ ਦੇ ਪੈ ਰਹੇ ਨਾਕਾਰਾਤਮਕ ਪ੍ਰਭਾਵ ਸਬੰਧੀ ਯੂਨੈਸਕੋ ਦੀ ਰਿਪੋਰਟ ਆਉਣ ਉਪਰੰਤ ਵੀ ਸਿਰਫ਼ 25 ਫ਼ੀਸਦੀ ਸਕੂਲਾਂ ਨੇ ਇਸ ਦੀ ਵਰਤੋਂ ਬੰਦ ਕਰਨ ਦੇ ਆਦੇਸ਼ ਦਿੱਤੇ ਹਨ।

ਸੋਸ਼ਲ ਮੀਡੀਆ ਉੱਪਰ ਜੋ ਕੁਝ ਪੇਸ਼ ਹੋ ਰਿਹਾ ਹੈ ਜ਼ਰੂਰੀ ਨਹੀਂ ਕਿ ਉਹ ਸਹੀ ਹੋਵੇ। ਪ੍ਰਿੰਟ ਮੀਡੀਆ ਵਿੱਚ ਆਮ ਤੌਰ 'ਤੇ ਕਿਸੇ ਖ਼ਬਰ/ਘਟਨਾ ਨੂੰ ਪਰਖ ਕੇ ਅਤੇ ਉਸ ਦੀ ਅਸਲੀਅਤ ਬਾਰੇ ਯਕੀਨ ਹੋਣ ਉਪਰੰਤ ਹੀ ਛਾਪਿਆ ਜਾਂਦਾ ਹੈ। ਪਰ ਬੋਲਣ ਅਤੇ ਆਪਣੇ ਵਿਚਾਰ ਪੇਸ਼ ਕਰਨ ਦੀ ਆਜ਼ਾਦੀ ਦੇ ਅਧਿਕਾਰ ਦੀ ਵਰਤੋਂ ਕਰਦਿਆਂ, ਕਿਸ ਕਿਸਮ ਦੀ ਯੂਟਿਊਬ ਵੀਡੀਓ ਬਣਾਉਣੀ ਹੈ, ਉਸ ਵਿੱਚ ਕੀ ਵਿਚਾਰ ਪੇਸ਼ ਕਰਨੇ ਹਨ, ਉਹ ਕਿੱਥੋਂ ਤੱਕ ਸਹੀ ਹਨ, ਇਨ੍ਹਾਂ ਵਿਚਾਰਾਂ ਦੀ ਜਾਂਚ ਪੜਤਾਲ ਵੀ ਹੋਈ ਹੈ ਜਾਂ ਨਹੀਂ, ਇਸ ਸਭ ਕੁਝ ਬਾਰੇ ਕੋਈ ਪ੍ਰਸ਼ਨ ਨਹੀਂ ਕਰ ਸਕਦਾ। ਪੜ੍ਹਨ ਤੇ ਸੁਣਨ ਵਾਲਾ ਅਫ਼ਵਾਹਾਂ ਉੱਪਰ ਵੀ ਵਿਸ਼ਵਾਸ ਕਰ ਬੈਠਦਾ ਹੈ। ਧਾਰਮਿਕ ਕੱਟੜਵਾਦ ਅਤੇ ਭਾਈਚਾਰਕ ਨਫ਼ਰਤਾਂ ਫੈਲਾਉਣ ਦਾ ਕੰਮ ਸੋਸ਼ਲ ਮੀਡੀਆ ਬਹੁਤ ਹੀ ਸੁਚੱਜੇ ਅਤੇ ਯੋਜਨਾਬੱਧ ਤਰੀਕੇ ਨਾਲ ਕਰ ਰਿਹਾ ਹੈ। ਸਰਕਾਰਾਂ ਆਪਣੇ ਨਿੱਜੀ ਹਿੱਤਾਂ ਦੀ ਸੁਰੱਖਿਆ ਵਾਸਤੇ ਦੇਸ਼ ਦੇ ਹਿੱਤਾਂ ਨੂੰ ਦਾਅ 'ਤੇ ਲਾਉਣ ਤੋਂ ਵੀ ਗੁਰੇਜ਼ ਨਹੀਂ ਕਰਦੀਆਂ। ਮੌਜੂਦਾ ਕੰਪਨੀਆਂ ਤੇ ਸਿਆਸੀ ਪਾਰਟੀਆਂ ਵੀ ਇਸ ਪ੍ਰਕਾਰ ਦੀ ਸਮੱਗਰੀ ਨੂੰ ਉਤਸ਼ਾਹਿਤ ਕਰਦੀਆਂ ਹਨ ਤਾਂ ਕਿ ਜਨਤਾ ਦਾ ਧਿਆਨ ਅਸਲੀ ਮੁੱਦਿਆਂ ਵੱਲ ਨਾ ਜਾ ਸਕੇ। ਸੋਸ਼ਲ ਮੀਡੀਆ ਦੀ ਵਰਤੋਂ ਦਾ ਇਹ ਸਭ ਤੋਂ ਵੱਡਾ ਨੁਕਸਾਨ ਹੈ।

ਸੋਸ਼ਲ ਮੀਡੀਆ ਦੀ ਵਰਤੋਂ ਦੌਰਾਨ ਵਿਅਕਤੀਗਤ ਨਿੱਜਤਾ ਵੀ ਸੁਰੱਖਿਅਤ ਨਹੀਂ। ਜਦੋਂ ਅਸੀਂ ਕਿਸੇ ਨਾਲ ਗੱਲਬਾਤ ਕਰਦੇ ਹਾਂ ਜਾਂ ਸੁਨੇਹਾ ਭੇਜਦੇ ਹਾਂ ਤਾਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਸੁਨੇਹੇ ਅਤੇ ਸਾਰੀ ਜਾਣਕਾਰੀ ਸਬੰਧਿਤ ਕੰਪਨੀਆਂ ਦੇ ਸਰਵਰ ਰਾਹੀਂ ਇੱਕ ਜਗ੍ਹਾ ਇਕੱਠੀ ਹੋ ਰਹੀ ਹੈ। ਭਾਵੇਂ ਕਿਹਾ ਜਾਂਦਾ ਹੈ ਕਿ ਐਂਡ-ਟੂ-ਐਂਡ ਇਨਕ੍ਰਿਪਸ਼ਨ ਨਾਲ ਜਾਣਕਾਰੀ ਅਤੇ ਸੁਨੇਹਾ ਭੇਜਣ ਤੇ ਪ੍ਰਾਪਤ ਕਰਨ ਵਿਚਾਲੇ ਹੀ ਰਹਿੰਦਾ ਹੈ, ਪਰ ਇਹ ਭੁਲੇਖਾ ਹੀ ਹੈ। ਇਸ ਪਿੱਛੇ ਕੰਮ ਕਰ ਰਿਹਾ ਸਰਵਰ ਸਾਰਾ ਕੁਝ ਮੌਨੀਟਰ ਕਰ ਰਿਹਾ ਹੁੰਦਾ ਹੈ। ਕੰਪਨੀ ਵਾਲੇ ਜਿਸ ਕਿਸੇ ਦੀ ਵੀ ਜਾਣਕਾਰੀ ਚਾਹੁਣ ਉਸ ਦੇ ਸਮਾਰਟ ਫੋਨ ਦੁਆਰਾ ਵਰਤੋਂ ਕੀਤੇ ਸੋਸ਼ਲ ਮੀਡੀਆ ਨੂੰ ਫਰੋਲ ਕੇ ਕੱਢ ਸਕਦੇ ਹਨ। ਖ਼ੁਫ਼ੀਆ ਏਜੰਸੀਆਂ ਅਤੇ ਪੁਲੀਸ ਵਿਭਾਗ ਵਾਲੇ ਸਮਾਜ ਵਿਰੋਧੀ ਕਾਰਵਾਈਆਂ ਅਤੇ ਹਿੰਸਕ ਵਾਰਦਾਤਾਂ ਬਾਰੇ ਜਾਣਕਾਰੀ ਇੱਥੋਂ ਹੀ ਪ੍ਰਾਪਤ ਕਰਦੇ ਹਨ। ਅਸੀਂ ਇਸ ਭਰਮ ਵਿੱਚ ਪਏ ਰਹਿੰਦੇ ਹਾਂ ਕਿ ਸੋਸ਼ਲ ਮੀਡੀਆ ਰਾਹੀਂ ਅਸੀਂ ਆਪਣੇ ਆਲੇ-ਦੁਆਲੇ ਦੋਸਤਾਂ ਮਿੱਤਰਾਂ, ਸਨੇਹੀਆਂ ਤੇ ਪਰਿਵਾਰਕ ਮੈਂਬਰਾਂ ਦੇ ਸੰਪਰਕ ਵਿੱਚ ਹਾਂ, ਪਰ ਨਿੱਜੀ ਤੌਰ 'ਤੇ ਜਾ ਕੇ ਮਿਲਣ ਅਤੇ ਆਨਲਾਈਨ ਗੱਲਬਾਤ ਕਰਨ ਵਿੱਚ ਬਹੁਤ ਫ਼ਰਕ ਹੈ। ਜਿਵੇਂ ਜਾਣਕਾਰੀ ਹੋਣ ਅਤੇ ਗਿਆਨ ਪ੍ਰਾਪਤੀ ਵਿੱਚ ਅੰਤਰ ਹੈ। ਅਸੀਂ ਸੋਸ਼ਲ ਮੀਡੀਆ ਜ਼ਰੀਏ ਇਨਫਰਮੇਸ਼ਨ ਤਾਂ ਇਕੱਠੀ ਕਰ ਰਹੇ ਹਾਂ, ਪਰ ਗਿਆਨ ਨਹੀਂ। ਦੂਜਾ, ਇੰਝ ਕਰਕੇ ਅਸੀਂ ਬਾਹਰ ਵਿਚਰਨ ਦੀ ਥਾਂ ਅੰਤਰਮੁਖੀ ਹੋ ਰਹੇ ਹਾਂ ਜਿਸ ਦਾ ਸਾਡੇ ਉਪਰ ਦੂਰਗਾਮੀ ਪ੍ਰਭਾਵ ਪੈਂਦਾ ਹੈ। ਸਰੀਰਕ ਅਤੇ ਮਾਨਸਿਕ ਬਿਮਾਰੀਆਂ ਤੇ ਇਕੱਲਤਾ ਦਾ ਅਹਿਸਾਸ ਹੁੰਦਾ ਹੈ। ਦੂਜੇ ਦੀਆਂ ਹੱਸਦਿਆਂ ਖੇਡਦਿਆਂ, ਮੌਜ-ਮਸਤੀ ਕਰਦਿਆਂ ਦੀਆਂ ਤਸਵੀਰਾਂ ਵੇਖ ਕੇ ਆਪਣੇ ਆਪ ਵਿੱਚ ਹੀਣ ਭਾਵਨਾ ਦਾ ਸ਼ਿਕਾਰ ਹੋਣ ਲੱਗਦੇ ਹਾਂ ਤੇ ਅੰਤ ਸਿੱਧੇ ਸੰਪਰਕ ਨਾਲੋਂ ਟੁੱਟ ਜਾਂਦੇ ਹਾਂ। ਇਉਂ ਸੋਸ਼ਲ ਮੀਡੀਆ ਸਮਾਜ ਨੂੰ ਸਮਾਜੀਕਰਨ (socialisation) ਦੇ ਵਿਰੁੱਧ ਕਿਸੇ ਅਣਕਿਆਸੀ ਦਲਦਲ ਵਿੱਚ ਧੱਕ ਰਿਹਾ ਹੈ। ਇਸ ਵਿੱਚ ਸਰਕਾਰਾਂ ਤੇ ਕੰਪਨੀਆਂ ਦੋਵੇਂ ਜ਼ਿੰਮੇਵਾਰ ਹਨ। ਕੰਪਨੀਆਂ ਤੁਹਾਡੀ ਨਿੱਜਤਾ (privacy) ਤੇ ਨਿੱਜਵਾਦ (individualism) ਦੀ ਸੁਰੱਖਿਆ ਦੇ ਪਰਦੇ ਹੇਠ ਆਪਣੇ ਮੁਫ਼ਾਦਾਂ ਨੂੰ ਪੂਰਿਆਂ ਕਰਨ ਵਿੱਚ ਦਿਲਚਸਪੀ ਰੱਖਦੀਆਂ ਹਨ ਪਰ ਅਸਲ ਵਿੱਚ ਐਪਸ ਰਾਹੀਂ ਤੁਹਾਡੀ ਨਿੱਜਤਾ 'ਤੇ ਹਮਲਾ ਹੋ ਰਿਹਾ ਹੈ ਜੋ ਤੁਹਾਨੂੰ ਨਿੱਜਵਾਦ ਵੱਲ ਲਿਜਾ ਰਿਹਾ ਹੈ। ਹੁਣ ਜੇਕਰ ਵਟਸਐਪ ਇੱਕ ਪੇਡ ਸਾਈਟ ਬਣਾ ਦਿੰਦੇ ਹਾਂ ਤਾਂ ਕੋਈ ਵੀ ਗੁੱਡ ਮਾਰਨਿੰਗ ਜਾਂ ਗੁੱਡ ਨਾਈਟ ਦੇ ਰੋਜ਼ਾਨਾ ਸੁਨੇਹੇ ਨਹੀਂ ਪਾਏਗਾ ਸਗੋਂ ਆਪਣੇ ਕੰਮ ਵੱਲ ਧਿਆਨ ਦੇਵੇਗਾ। ਸਮਾਰਟ ਫੋਨ ਜੇਕਰ ਤੁਹਾਡਾ ਹੈ ਤਾਂ ਇਸ ਦਾ ਕੰਟਰੋਲ ਵੀ ਤੁਹਾਡੇ ਹੱਥ ਹੈ। ਸੋਸ਼ਲ ਮੀਡੀਆ ਦੀ ਦਲਦਲ ਵਿੱਚੋਂ ਨਿਕਲਣਾ, ਸਮਾਜਿਕ ਮੁੱਦਿਆਂ ਬਾਰੇ ਸੋਚਣਾ, ਸਮਝਣਾ ਜਾਂ ਪਰਖਣਾ, ਸਭ ਆਪਣੇ ਹੱਥ ਹੈ। ਮਨੁੱਖ ਸਮਾਜਿਕ ਪ੍ਰਾਣੀ ਹੈ। ਸਮਾਜ ਬਾਰੇ ਚਿੰਤਿਤ ਹੋਣਾ ਸਾਡਾ ਫਰਜ਼ ਹੈ। ਇਸ ਲਈ ਇਨ੍ਹਾਂ ਉਪਕਰਨਾਂ ਦੀ ਸੁਚੇਤ ਹੋ ਕੇ ਜ਼ਰੂਰਤ ਅਨੁਸਾਰ ਹੀ ਵਰਤੋਂ ਕਰਨੀ ਚਾਹੀਦੀ ਹੈ। ਸੋਸ਼ਲ ਮੀਡੀਆ ਉੱਪਰ ਨਫ਼ਰਤ ਆਦਿ ਫੈਲਾਉਣ ਵਾਲੇ ਸੁਨੇਹੇ ਪੜ੍ਹਨ ਅਤੇ ਅੱਗੇ ਭੇਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

# ਵਿਸ਼ਵ ਸ਼ਾਂਤੀ ਲਈ ਚੁਣੌਤੀਪੂਰਨ ਸਮਾਂ

ਯੂਕਰੇਨ ਦੇ ਜ਼ਪੋਰੀਅਜ਼ਾ ਪਰਮਾਣੂ ਪਲਾਂਟ ਵਿੱਚ ਅੱਗ ਲੱਗਣ ਦੀ ਖ਼ਬਰ ਨੇ ਦੁਨੀਆ ਭਰ ਦੇ ਲੋਕਾਂ ਦੇ ਮਨਾਂ ਵਿੱਚ ਕੰਬਣੀ ਛੇੜ ਦਿੱਤੀ। ਪਰਮਾਣੂ ਪਾਵਰ ਪਲਾਂਟਾਂ ਵਿੱਚ ਹਾਦਸਿਆਂ ਦੇ ਮਨੁੱਖਤਾ ਲਈ ਗੰਭੀਰ ਨਤੀਜੇ ਹੁੰਦੇ ਹਨ। ਇਹ ਥ੍ਰੀ ਮਾਈਲ ਆਈਲੈਂਡ, ਚਨੇਬਲ ਅਤੇ ਫੂਕੂਸ਼ੀਮਾ ਹਾਦਸਿਆਂ ਵੇਲੇ ਸਾਬਤ ਹੋ ਚੁੱਕਾ ਹੈ। ਦੋ ਸਾਲ ਪਹਿਲਾਂ ਰੂਸ ਅਤੇ ਯੂਕਰੇਨ ਵਿਚਕਾਰ ਜੰਗ ਸ਼ੁਰੂ ਹੋਣ ਤੋਂ ਬਾਅਦ ਸ਼ਾਂਤੀ ਅਤੇ ਪਰਮਾਣੂ ਨਿਸ਼ਸਤਰੀਕਰਨ ਦੀਆਂ ਤਾਕਤਾਂ ਨੇ ਅਜਿਹੀ ਘਟਨਾ ਦੀ ਵਾਰ ਵਾਰ ਚਿਤਾਵਨੀ ਦਿੱਤੀ ਹੈ। ਪਰਮਾਣੂ ਪਲਾਂਟ 2022 ਤੋਂ ਰੂਸ ਦੇ ਕੰਟਰੋਲ 'ਚ ਹੈ। ਹੁਣ ਇਸ ਅੱਗ ਲਈ ਰੂਸ ਅਤੇ ਯੂਕਰੇਨ ਦੋਵੇਂ ਇੱਕ-ਦੂਜੇ 'ਤੇ ਦੋਸ਼ ਲਗਾ ਰਹੇ ਹਨ।

ਹੁਣ ਇਹ ਰੂਸ ਅਤੇ ਯੂਕਰੇਨ ਵਿਚਕਾਰ ਜੰਗ ਨਹੀਂ ਜਾਪਦੀ ਸਗੋਂ ਅਮਰੀਕਾ, ਨਾਟੋ ਅਤੇ ਯੂਰਪੀਅਨ ਯੂਨੀਅਨ ਦੇ ਕਈ ਦੇਸ਼ਾਂ ਦੇ ਸਮਰਥਨ ਨਾਲ ਯੁੱਧ ਨੇ ਗੰਭੀਰ ਰੁਖ਼ ਲੈ ਲਿਆ ਹੈ। ਇਹ ਮੰਦਭਾਗਾ ਹੈ ਕਿ ਯੂ.ਐੱਨ.ਓ. ਅਤੇ ਸ਼ਾਂਤੀਪਸੰਦ ਤਾਕਤਾਂ ਦੇ ਕਈ ਯਤਨਾਂ ਦੇ ਬਾਵਜੂਦ ਜੰਗ ਖ਼ਤਮ ਨਹੀਂ ਹੋ ਰਹੀ। ਕੁਰਸਕ ਵਿਖੇ ਰੂਸੀ ਖੇਤਰ ਵਿੱਚ ਦਾਖ਼ਲ ਹੋਣ ਵਾਲੀਆਂ ਯੂਕਰੇਨੀ ਫ਼ੌਜਾਂ ਨੇ ਜੰਗ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਸ ਸਥਿਤੀ ਵਿੱਚ ਨੇੜ ਭਵਿੱਖ ਵਿੱਚ ਕੋਈ ਗੰਭੀਰ ਸ਼ਾਂਤੀ ਵਾਰਤਾ ਹੁੰਦੀ ਨਜ਼ਰ ਨਹੀਂ ਆ ਰਹੀ। ਮੱਧ ਪੂਰਬ 'ਚ ਵੀ ਸਥਿਤੀ ਵਿਗੜਦੀ ਜਾ ਰਹੀ ਹੈ। ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ 'ਤੇ ਇਜ਼ਰਾਈਲ ਦੀ ਜੰਗ ਹੋਰ ਤੇਜ਼ ਹੋ ਗਈ ਹੈ ਕਿਉਂਕਿ ਮੱਧ ਗਾਜ਼ਾ ਵਿੱਚ ਤਬੀਨ ਸਕੂਲ (ਜਿਸ ਨੂੰ ਪਨਾਹਗਾਹ ਵਿੱਚ ਬਦਲਿਆ ਗਿਆ ਹੈ) ਤੇ ਆਈਡੀਐਫ (ਇਜ਼ਰਾਇਲੀ ਸੁਰੱਖਿਆ ਦਸਤੇ) ਵੱਲੋਂ ਹਵਾਈ ਹਮਲੇ ਵਿੱਚ ਲਗਭਗ 100 ਲੋਕ ਮਾਰੇ ਗਏ। ਇਜ਼ਰਾਈਲ ਨੇ ਕਿਹਾ ਕਿ ਉਸ ਨੇ ਹਮਾਸ ਦੇ ਕਮਾਂਡ ਸੈਂਟਰ ਨੂੰ ਨਸ਼ਟ ਕਰਨ ਲਈ ਹਮਲਾ ਕੀਤਾ ਸੀ। ਉਨ੍ਹਾਂ ਦੇ ਇਸ ਦਾਅਵੇ ਦਾ ਹਮਾਸ ਨੇ ਖੰਡਨ ਕੀਤਾ ਹੈ। ਇਹ ਅਜੀਬ ਹੈ ਕਿ ਇਜ਼ਰਾਈਲ ਦਸਤੇ ਸਦੀ ਦੇ ਸਭ ਤੋਂ ਵਹਿਸ਼ੀ ਹਮਲੇ ਦੇ 10 ਮਹੀਨਿਆਂ ਬਾਅਦ ਵੀ ਹਮਾਸ ਨੂੰ ਤਬਾਹ ਨਹੀਂ ਕਰ ਸਕੇ। ਗਾਜ਼ਾ 'ਚ ਲਗਭਗ 80 ਫ਼ੀਸਦੀ ਬੁਨਿਆਦੀ ਢਾਂਚਾ ਮਲਬੇ ਵਿੱਚ ਬਦਲ ਗਿਆ ਹੈ। ਇੱਥੋਂ ਤੱਕ ਕਿ ਰਾਫਾਹ ਸ਼ਹਿਰ ਨੂੰ ਵੀ ਨੁਕਸਾਨ ਪਹੁੰਚਿਆ ਹੈ ਅਤੇ ਵੱਡੀ ਗਿਣਤੀ ਲੋਕ ਮਾਰੇ ਅਤੇ ਸੈਂਕੜੇ ਹਜ਼ਾਰਾਂ ਬੇਘਰ ਹੋ ਗਏ ਹਨ। ਗਾਜ਼ਾ ਦੇ ਲੋਕ ਨਿਆਸਰੇ ਹੋਏ ਇਧਰ ਉਧਰ ਭੱਜਦੇ ਫਿਰਦੇ ਹਨ ਪਰ ਉਨ੍ਹਾਂ ਲਈ ਕੋਈ ਵੀ ਜਗ੍ਹਾ ਸੁਰੱਖਿਅਤ ਨਹੀਂ ਹੈ। ਭੋਜਨ ਸਮੇਤ ਮਨੁੱਖਤਾਵਾਦੀ ਸਹਾਇਤਾ ਬਹੁਤ ਸੀਮਤ ਮਾਤਰਾ ਵਿੱਚ ਪਹੁੰਚ ਰਹੀ ਹੈ। ਉਨ੍ਹਾਂ ਦੇ ਰਹਿਣ ਲਈ ਕੋਈ ਸਾ.ਫ-ਸ.ਫਾਈ ਵਾਲੀ ਥਾਂ ਨਹੀਂ ਹੈ, ਨਤੀਜੇ ਵਜੋਂ ਬਿਮਾਰੀਆਂ ਅਤੇ ਭੁੱਖਮਰੀ ਫੈਲ ਰਹੀ ਹੈ। ਇਜ਼ਰਾਈਲ ਦਾ ਇਰਾਦਾ .ਫਲਸਤੀਨੀਆਂ ਦੇ ਖਾਤਮੇ ਦਾ ਜਾਪਦਾ ਹੈ।ਇਰਾਨ 'ਚ ਹਮਾਸ ਦੇ ਨੇਤਾ ਇਸਮਾਈਲ ਹਨੀਆ ਦੀ ਹੱਤਿਆ ਤੋਂ ਬਾਅਦ ਮੱਧ ਪੂਰਬ ਵਿੱਚ ਸਥਿਤੀ ਗੰਭੀਰ ਹੋ ਗਈ ਹੈ। ਇਰਾਨ ਅਤੇ ਇਜ਼ਰਾਈਲ ਦੋਵੇਂ ਪਰਮਾਣੂ ਸ਼ਕਤੀ ਵਾਲੇ ਦੇਸ਼ ਅਤੇ ਇੱਕ-ਦੂਜੇ ਦੇ ਘਾਤਕ ਦੁਸ਼ਮਣ ਹਨ। ਇਰਾਨ ਨੇ ਹਮਲੇ ਦਾ ਬਦਲਾ ਲੈਣ ਦੀ ਸਹੁੰ ਖਾਧੀ ਹੈ। ਇਜ਼ਰਾਈਲ ਨੇ ਪੱਛਮੀ ਕੰਢੇ 'ਤੇ ਹਮਲਾ ਤੇਜ਼ ਕਰ ਦਿੱਤਾ ਹੈ ਅਤੇ ਲਿਬਨਾਨ ਤੇ ਹਿਜ਼ਬੁੱਲਾ ਜਵਾਬੀ ਕਾਰਵਾਈ ਕਰ ਰਹੇ ਹਨ। ਇਸ ਖੇਤਰ ਵਿੱਚ ਜੰਗ ਦਾ ਹੋਰ ਵਾਧਾ ਬਹੁਤ ਨੇੜੇ ਹੈ ਕਿਉਂਕਿ ਇਜ਼ਰਾਈਲ ਸਰਕਾਰ ਨੇ ਆਈਸੀਸੀ ਅਤੇ ਆਈਸੀਜੇ ਦੇ ਕਿਸੇ ਵੀ .ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਯੂਐੱਨਓ ਅਤੇ ਕਈ ਹੋਰ ਦੇਸ਼ਾਂ ਦੀਆਂ ਚਿਤਾਵਨੀਆਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਹੈ। ਦੋਵਾਂ ਖਿੱਤਿਆਂ ਵਿੱਚ ਸਥਿਤੀ ਵਿਗੜਨ ਨਾਲ ਦੁਨੀਆ 'ਚ ਪਰਮਾਣੂ ਹਥਿਆਰਾਂ ਦੀ ਵਰਤੋਂ ਦਾ ਖ਼ਤਰਾ ਅਸਲ ਸੰਭਾਵਨਾ ਬਣ ਸਕਦਾ ਹੈ ਜਿਸ ਦੇ ਬਹੁਤ ਗੰਭੀਰ ਨਤੀਜੇ ਹੋਣਗੇ। ਸੀਤ ਯੁੱਧ ਤੋਂ ਬਾਅਦ ਦੁਨੀਆ ਉੱਪਰ ਪਰਮਾਣੂ ਹਥਿਆਰਾਂ ਦਾ ਖ਼ਤਰਾ ਇੰਨਾ ਕਦੇ ਵੀ ਨਹੀਂ ਸੀ ਜਿੰਨਾ ਅੱਜ ਹੈ। ਇਹ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਅਸੀਂ 6 ਅਤੇ 9 ਅਗਸਤ 1945 ਨੂੰ ਅਮਰੀਕੀ ਫ਼ੌਜ ਵੱਲੋਂ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਕੀਤੇ ਗਏ ਪਰਮਾਣੂ ਬੰਬ ਧਮਾਕੇ ਦੀ 79ਵੀਂ ਬਰਸੀ ਮੌਕੇ ਪੀੜਤਾਂ ਨੂੰ ਸ਼ਰਧਾਂਜਲੀ ਦਿੱਤੀ ਹੈ। ਦੂਜੀ ਆਲਮੀ ਜੰਗ ਵਿੱਚ ਲਗਭਗ 1.5 ਕਰੋੜ ਫ਼ੌਜੀ ਅਤੇ 4.5 ਕਰੋੜ ਨਾਗਰਿਕਾਂ ਸਮੇਤ 6 ਕਰੋੜ ਤੋਂ ਵੱਧ ਲੋਕਾਂ ਦੀ ਮੌਤ ਹੋਈ। ਜਾਪਾਨ ਉੱਤੇ ਪਰਮਾਣੂ ਬੰਬ ਧਮਾਕੇ ਵਿੱਚ 210000 ਲੋਕ ਮਾਰੇ ਗਏ ਸਨ। ਅਜੋਕੇ ਪਰਮਾਣੂ ਹਥਿਆਰ ਬਹੁਤ ਜ਼ਿਆਦਾ ਘਾਤਕ ਹਨ। IPPNW (ਦੁਨੀਆ ਵਿੱਚ ਸ਼ਾਂਤੀ ਲਈ ਡਾਕਟਰਾਂ ਦੀ ਜਥੇਬੰਦੀ) ਦੁਆਰਾ ਕੀਤੇ ਗਏ ਅਧਿਐਨਾਂ ਨੇ ਦਿਖਾਇਆ ਹੈ ਕਿ ਦੋ ਪ੍ਰਮੁੱਖ ਪਰਮਾਣੂ ਸ਼ਕਤੀਆਂ, ਰੂਸ ਅਤੇ ਅਮਰੀਕਾ ਵਿਚਕਾਰ ਕੋਈ ਵੀ ਪਰਮਾਣੂ ਟਕਰਾਅ ਹਜ਼ਾਰਾਂ ਸਾਲਾਂ ਦੀ ਮਨੁੱਖੀ ਕਿਰਤ ਦੁਆਰਾ ਬਣਾਈ ਗਈ ਆਧੁਨਿਕ ਸੱਭਿਅਤਾ ਦਾ ਅੰਤ ਕਰ ਸਕਦਾ ਹੈ ਅਤੇ ਭਾਰਤ ਤੇ ਪਾਕਿਸਤਾਨ ਵਿਚਕਾਰ ਕਿਸੇ ਵੀ ਅਜਿਹੇ ਟਕਰਾਅ ਨਾਲ ਦੋ ਅਰਬ ਤੋਂ ਵੱਧ ਲੋਕਾਂ ਨੂੰ ਭੁੱਖਮਰੀ ਅਤੇ ਮੌਤ ਦਾ ਖ਼ਤਰਾ ਹੋਵੇਗਾ। ਜਾਪਾਨ 'ਤੇ ਪਰਮਾਣੂ ਬੰਬ ਧਮਾਕੇ ਨੇ ਪਰਮਾਣੂ ਹਥਿਆਰਾਂ ਦੀ ਦੌੜ ਸ਼ੁਰੂ ਕਰ ਦਿੱਤੀ। 1945 ਵਿੱਚ ਦੋ ਪਰਮਾਣੂ ਹਥਿਆਰਾਂ ਤੋਂ 1985 ਵਿੱਚ ਉਨ੍ਹਾਂ ਦੀ ਗਿਣਤੀ 61000 ਤੋਂ ਵੱਧ ਹੋ ਗਈ (ਅਮਰੀਕਾ 21392 ਅਤੇ ਯੂਐੱਸਐੱਸਆਰ 39197)। 1960 ਤੋਂ 1969 ਤੱਕ ਕੁੱਲ 706 ਪਰਮਾਣੂ ਹਥਿਆਰਾਂ ਦੇ ਪ੍ਰੀਖਣ ਕੀਤੇ ਗਏ ਸਨ ਜਿਨ੍ਹਾਂ ਵਿੱਚੋਂ 418 ਅਮਰੀਕਾ ਦੁਆਰਾ ਅਤੇ 232 ਯੂਐੱਸਐੱਸਆਰ ਦੁਆਰਾ ਕੀਤੇ ਗਏ ਸਨ। ਸਥਾਨਕ ਆਬਾਦੀ 'ਤੇ ਇਨ੍ਹਾਂ ਪ੍ਰੀਖਣਾਂ ਦੇ ਨੁਕਸਾਨਦੇਹ ਪ੍ਰਭਾਵਾਂ ਦੀਆਂ ਕਾਫ਼ੀ ਰਿਪੋਰਟਾਂ ਹਨ। 18 ਸਤੰਬਰ 2019 ਨੂੰ ਅਸਤਾਨਾ ਵਿੱਚ ਕਰਵਾਈ 'ਨੇਵਾਦਾ-ਸੇਮੇ' ਅੰਤਰਰਾਸ਼ਟਰੀ ਐਂਟੀਨਿਊਕਲੀਅਰ ਅੰਦੋਲਨ (IAM ÒNevada-SemeyÓ) ਦੀ 30ਵੀਂ ਵਰ੍ਹੇਗੰਢ ਨੂੰ ਸਮਰਪਿਤ ਇੱਕ ਅੰਤਰਰਾਸ਼ਟਰੀ ਵਿਗਿਆਨਕ-ਪ੍ਰੈਕਟੀਕਲ ਕਾਨਫਰੰਸ ਨੇ ਇਸ ਤੱਥ ਨੂੰ ਉਜਾਗਰ ਕੀਤਾ। ਮਾਰਸ਼ਲ ਆਈਲੈਂਡਜ਼ ਦੀਆਂ ਅਜਿਹੀਆਂ ਰਿਪੋਰਟਾਂ ਇਨ੍ਹਾਂ ਤੱਥਾਂ ਦੀ ਪੁਸ਼ਟੀ ਕਰਦੀਆਂ ਹਨ।

# ਲਾਹੌਰ ਦਾ ਭਗਤ ਸਿੰਘ ਚੌਕ ਜਾਂ ਸ਼ਾਦਮਨ ਚੌਕ ?

ਡਾ. ਮਨਜੀਤ ਸਿੰਘ ਬੱਲ
ਸੰਪਰਕ: 98728-43491



ਸਿੱਖ ਯਾਤਰੀਆਂ ਦੇ ਜਥੇ ਨਾਲ ਪਾਕਿਸਤਾਨ ਦੌਰੇ ਵੇਲੇ ਸਖ਼ਤ ਸੁਰੱਖਿਆ ਪਾਬੰਦੀਆਂ ਤੇ ਵਕਤ ਦੀ ਘਾਟ ਰੜਕਦੀ ਹੈ। ਜਥਾ ਆਮ ਕਰਕੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਤੇ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਵਾਪਸੀ ਵੇਲੇ ਦੋ-ਤਿੰਨ ਦਿਨ ਲਾਹੌਰ ਰੁਕਦਾ ਹੈ। ਮੇਰਾ ਫੇਸਬੁੱਕ ਦੋਸਤ ਮੁਨੀਰ ਹੁਸ਼ਿਆਰਪੁਰੀਆ ਇੱਕ ਵਿਦਵਾਨ, ਲੇਖਕ ਅਤੇ ਮੁਲਤਾਨ ਕੋਲ ਵਿਹਾੜੀ ਜ਼ਿਲ੍ਹੇ ਦੇ ਇੱਕ ਪ੍ਰਾਈਵੇਟ ਕਾਲਜ ਵਿੱਚ ਡਾਇਰੈਕਟਰ ਹੈ। ਉਸ ਨੇ ਵਕਤ ਕੱਢ ਕੇ ਸਾਨੂੰ ਆਪਣੀ ਕਾਰ 'ਚ ਬਿਠਾ ਕੇ ਲਾਹੌਰ ਦੀਆਂ ਖ਼ਾਸ-ਖ਼ਾਸ ਥਾਵਾਂ ਅਤੇ ਇਮਾਰਤਾਂ ਵਿਖਾਈਆਂ ਜਿਵੇਂ: ਪੰਜਾਬ ਅਸੈਂਬਲੀ ਬਿਲਡਿੰਗ, ਸਕੱਤਰੇਤ, ਭੰਗੀ ਤੋਪ, ਲਾਹੌਰ ਰੇਲਵੇ ਸਟੇਸ਼ਨ, ਵਾਪਡਾ (ਵਾਟਰ ਐਂਡ ਪਾਵਰ ਡਿਵੈਲਪਮੈਂਟ ਅਥਾਰਟੀ) ਬਿਲਡਿੰਗ, ਮਾਡਲ ਟਾਊਨ, ਅਲਹਮਰਾ ਆਰਟ ਸੈਂਟਰ, ਜਿਨਾਹ ਗਾਰਡਨ, ਨੀਲਾ ਗੁੰਬਦ, ਮਾਡਲ ਟਾਊਨ, ਇੱਛਰਾ, ਕਿੰਗ ਐਡਵਰਡ ਮੈਡੀਕਲ ਕਾਲਜ ਹਸਪਤਾਲ, ਸ਼ੇਖ਼ ਜ਼ਾਇਦ ਹਸਪਤਾਲ ਅਤੇ ਲਾਹੌਰ ਦਾ ਜੈਨ ਮੰਦਰ। ਮੈਂ ਕਾਰ ਰੁਕਵਾ ਕੇ ਕੁਝ ਫੋਟੋ ਖਿੱਚੀਆਂ ਤੇ ਇਨ੍ਹਾਂ ਸਥਾਨਾਂ ਬਾਰੇ ਜਾਣਕਾਰੀ ਹਾਸਲ ਕੀਤੀ। 1991 ਵਿੱਚ ਮੈਂ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਵਿੱਚ ਸਹਾਇਕ ਪ੍ਰੋਫੈਸਰ ਸਾਂ। ਇੱਕ ਪੈਥਾਲੋਜੀ ਕਾਨਫਰੰਸ 'ਚ ਆਪਣਾ ਪਰਚਾ ਪੜ੍ਹਨ ਵਾਸਤੇ ਲਾਹੌਰ ਗਿਆ ਸਾਂ ਤਾਂ ਮੈਨੂੰ ਸ਼ੇਖ਼ ਜ਼ਾਇਦ ਹਸਪਤਾਲ ਦੇ ਗੈਸਟ ਹਾਊਸ ਵਿੱਚ ਠਹਿਰਾਇਆ ਗਿਆ ਸੀ। ਅੱਜ ਇਨ੍ਹਾਂ ਥਾਵਾਂ ਦੇ ਕੋਲੋਂ ਦੀ ਲੰਘਦਿਆਂ ਐਵੇਂ ਉਪਰੀ ਜਿਹੀ ਨਜ਼ਰ ਮਾਰ ਕੇ ਵੇਖ ਸਕੇ ਤੇ ਕੁਝ ਤਸਵੀਰਾਂ ਖਿੱਚੀਆਂ।

ਇਸੇ ਦੌਰਾਨ ਸਾਨੂੰ ਸ਼ਾਦਮਨ ਚੌਕ (ਚੌਕ ਭਗਤ ਸਿੰਘ) ਜਾਣ ਦਾ ਸੰਖੇਪ ਜਿਹਾ ਮੌਕਾ ਮਿਲਿਆ। ਜਦੋਂ ਅਸੀਂ ਕਾਰ 'ਚੋਂ ਉਤਰ ਰਹੇ ਸਾਂ ਤਾਂ ਮੇਰੇ ਜ਼ਿਹਨ ਵਿੱਚ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਫਾਂਸੀ ਦਾ ਦ੍ਰਿਸ਼ ਘੁੰਮ ਰਿਹਾ ਸੀ ਪਰ ਕੋਲ਼ੋਂ ਲੰਘਦੇ ਸਾਈਕਲਾਂ, ਸਕੂਟਰਾਂ ਵਾਲੇ ਤੇ ਪੈਦਲ ਜਾਂਦੇ ਕਾਫ਼ੀ ਲੋਕ ਰੁਕ ਕੇ ਸਾਡਾ ਹਾਲ-ਚਾਲ ਪੁੱਛਣ ਅਤੇ ਸਾਡੇ ਨਾਲ ਫੋਟੋਆਂ ਖਿਚਵਾਉਣ ਲੱਗੇ। ਤੇਈ ਮਾਰਚ 1931 ਨੂੰ ਮਹਾਨ ਦੇਸ਼ਭਗਤਾਂ ਨੂੰ ਫਾਂਸੀਆਂ ਦਿੱਤੀਆਂ ਗਈਆਂ ਸਨ। ਉਦੋਂ ਇਹ ਜਗ੍ਹਾ ਜੇਲ੍ਹ ਦੇ ਅੰਦਰ ਸੀ। 1961 ਵਿੱਚ ਜੇਲ੍ਹ ਦਾ ਕੁਝ ਹਿੱਸਾ ਤੋੜ ਕੇ ਮੱਧਵਰਗੀ ਆਵਾਮ ਵਾਸਤੇ ਇੱਕ ਕਾਲੋਨੀ ਬਣਾਈ ਗਈ ਜਿਸ ਦਾ ਨਾਮ 'ਸ਼ਾਦਮਨ ਕਾਲੋਨੀ' ਅਤੇ ਫਾਂਸੀ ਵਾਲੀ ਅਸਲ ਜਗ੍ਹਾ 'ਤੇ ਫੁਹਾਰਿਆਂ ਵਾਲਾ ਚੌਕ ਉਸਾਰ ਦਿੱਤਾ ਗਿਆ ਜਿਸ ਦਾ ਨਾਮ 'ਸ਼ਾਦਮਨ ਚੌਕ' ਹੈ। ਭਾਰਤ ਤੇ ਪਾਕਿਸਤਾਨ ਦੇ ਕੁਝ ਸਿਵਿਲ ਗਰੁੱਪਾਂ ਦੇ ਉਪਰਾਲਿਆਂ ਸਦਕਾ ਫਾਂਸੀ ਵਾਲੀ ਇਸ ਜਗ੍ਹਾ (ਚੌਕ) ਦਾ ਨਾਮ ਭਗਤ ਸਿੰਘ ਚੌਕ ਰੱਖਣ ਦੀ ਸਹਿਮਤੀ ਬਣੀ ਹੋਈ ਹੈ ਪਰ ਕੁਝ ਲੋਕਾਂ ਦੇ ਵਿਰੋਧ ਕਾਰਨ ਅਦਾਲਤੀ ਫ਼ੈਸਲੇ ਦੇ ਬਾਵਜੂਦ ਪਾਕਿਸਤਾਨ ਸਰਕਾਰ ਅਜੇ ਤੱਕ ਇਸ ਨੂੰ ਅਮਲ ਵਿੱਚ ਨਹੀਂ ਲਿਆ ਸਕੀ।

ਇਸ ਜਗ੍ਹਾ ਦਾ ਨਾਂ 'ਭਗਤ ਸਿੰਘ ਚੌਕ' ਰੱਖਣ ਦਾ ਉਪਰਾਲਾ ਕਰਨ ਵਾਲੇ ਲੋਕ ਸ਼ਹੀਦਾਂ ਦੀ ਕੁਰਬਾਨੀ, ਉਨ੍ਹਾਂ ਦੇ ਜਜ਼ਬੇ ਤੇ ਹੌਸਲੇ ਦੀ ਕਦਰ ਕਰਦੇ ਹਨ ਜਿਸ ਦੇ ਮੱਦੇਨਜ਼ਰ ਲਾਹੌਰ ਹਾਈ ਕੋਰਟ ਦੇ ਵਕੀਲ ਇਮਤਿਆਜ਼ ਰਸ਼ੀਦ ਕੁਰੈਸ਼ੀ ਦੀ ਸਰਪ੍ਰਸਤੀ ਹੇਠ 'ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ' ਬਣਾਈ ਹੋਈ ਹੈ। ਇਹ ਤਨਜ਼ੀਮ ਸ. ਭਗਤ ਸਿੰਘ ਨੂੰ ਆਜ਼ਾਦੀ ਦੀ ਜੰਗ ਦਾ ਨਾਇਕ ਮੰਨਦੀ ਹੈ। ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਅਤੇ ਜਨਮ ਦਿਨ ਮੌਕੇ ਸ਼ਾਦਮਨ ਚੌਕ 'ਤੇ ਹਮ-ਖ਼ਿਆਲ ਲੋਕ ਇਕੱਠੇ ਹੁੰਦੇ, ਮੋਮਬੱਤੀਆਂ ਜਗਾਉਂਦੇ ਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੰਦੇ ਹਨ। ਇਸ ਫਾਊਂਡੇਸ਼ਨ ਨੇ ਮੰਗਾਂ ਰੱਖੀਆਂ ਹੋਈਆਂ ਹਨ ਕਿ 1) ਸ. ਭਗਤ ਸਿੰਘ ਨੂੰ ਪਾਕਿਸਤਾਨ ਦਾ ਸਰਬਉੱਚ ਬਹਾਦਰੀ ਐਜਾਜ਼ ਮਿਲਣਾ ਚਾਹੀਦਾ ਹੈ, 2) ਬਰਤਾਨੀਆ ਦੇ ਕਿੰਗ ਚਾਰਲਸ (ਤੀਜੇ) ਨੂੰ ਇਸ ਜੁਡੀਸ਼ੀਅਲ ਕਤਲ ਵਾਸਤੇ ਮੁਆਫ਼ੀ ਮੰਗਣ ਦੇ ਨਾਲ-ਨਾਲ ਸ਼ਹੀਦਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ ਅਤੇ 3) 'ਸ਼ਾਦਮਨ ਚੌਕ' ਦਾ ਨਾਂ ਬਦਲ ਕੇ 'ਭਗਤ ਸਿੰਘ ਚੌਕ' ਰੱਖਣਾ ਚਾਹੀਦਾ ਹੈ। ਕਈ ਸਾਲਾਂ ਤੋਂ ਉਪਰਾਲੇ ਜਾਰੀ ਹਨ। 'ਸ਼ਾਦਮਨ' ਫ਼ਾਰਸੀ ਦਾ ਸ਼ਬਦ ਹੈ ਜਿਸ ਦਾ ਮਤਲਬ ਹੈ ਖ਼ੁਸ਼ੀ। ਸੋ ਸ਼ਾਦਮਨ ਮਤਲਬ ਕਿ ਖ਼ੁਸ਼ੀ ਵਾਲਾ ਚੌਕ। ਪਰ ਉਹ ਜਗ੍ਹਾ ਜਿੱਥੇ ਆਜ਼ਾਦੀ ਦੇ ਪਰਵਾਨਿਆਂ ਨੂੰ ਫਾਂਸੀਆਂ ਦਿੱਤੀਆਂ ਗਈਆਂ ਹੋਣ, ਖ਼ੁਸ਼ੀ ਵਾਲੀ ਜਗ੍ਹਾ ਕਿਵੇਂ ਹੋ ਸਕਦੀ ਹੈ ? ਸ਼ਹੀਦ ਭਗਤ ਸਿੰਘ ਭਾਰਤ ਜਾਂ ਪਾਕਿਸਤਾਨ ਦਾ ਨਹੀਂ ਸੀ, ਉਹ ਤਾਂ ਪੂਰੇ ਉਪ-ਮਹਾਂਦੀਪ ਦਾ ਪੁੱਤ ਸੀ। ਉਸ ਦੀ ਸ਼ਹਾਦਤ (ਫਾਂਸੀ) ਵਾਲੀ ਜਗ੍ਹਾ 'ਤੇ ਉਸਰੇ ਚੌਕ ਦਾ ਬਿਲਕੁਲ ਢੁਕਵਾਂ ਨਾਂ ਤਾਂ 'ਭਗਤ ਸਿੰਘ ਚੌਕ' ਹੀ ਹੋਣਾ ਚਾਹੀਦਾ ਹੈ, ਪਰ ਹਕੂਮਤਾਂ ਨੇ ਅੱਜ ਤੱਕ ਇਸ ਦਾ ਨਾਂ ਬਦਲਿਆ ਨਹੀਂ। ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਨੇ ਸ਼ਾਦਮਨ ਚੌਕ ਦਾ ਨਾਂ ਭਗਤ ਸਿੰਘ ਚੌਕ ਰੱਖਣ ਵਾਸਤੇ ਲਾਹੌਰ ਹਾਈ ਕੋਰਟ ਵਿੱਚ ਕੇਸ ਵੀ ਕੀਤਾ ਹੋਇਆ ਹੈ, ਪਰ ਅਗਸਤ 2018 ਵਿੱਚ ਐਡਵੋਕੇਟ ਕੁਰੈਸ਼ੀ ਦੇ ਇਸ ਉਪਰਾਲੇ ਵਿਰੁੱਧ, ਕੁਝ ਗਰੁੱਪਾਂ ਨੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਸਰਕਾਰਾਂ ਬਦਲ ਜਾਣ ਤੋਂ ਬਾਅਦ ਵੀ ਧਮਕੀਆਂ ਮਿਲਣੀਆਂ ਬੰਦ ਨਹੀਂ ਹੋਈਆਂ। ਲਾਹੌਰ ਵਿੱਚ ਭਗਤ ਸਿੰਘ ਚੌਕ ਤੇ ਇਸ ਜੇਲ੍ਹ ਤੋਂ ਇਲਾਵਾ ਸ਼ਹੀਦਾਂ ਨਾਲ ਸਬੰਧਤ ਹੋਰ ਵੀ ਕਈ ਥਾਵਾਂ ਹਨ, ਜਿਵੇਂ: ਅੰਗਰੇਜ਼ ਸਮਾਜਿਕ ਕਾਰਕੁਨ ਚਾਰਲਸ ਬ੍ਰੈਡਲੇ (ਜੋ ਭਾਰਤ ਦੀ ਆਜ਼ਾਦੀ ਦਾ ਹਮਾਇਤੀ ਸੀ) ਦੀ ਯਾਦ ਵਿੱਚ ਬਣਿਆ ਬਰੈਡਲੇ ਹਾਲ ਪੰਜਾਬ ਕਾਂਗਰਸ ਦਾ ਅੱਡਾ ਹੁੰਦਾ ਸੀ, ਨੈਸ਼ਨਲ ਕਾਲਜ ਲਾਹੌਰ ਜਿੱਥੇ ਭਗਤ ਸਿੰਘ ਤੇ ਸੁਖਦੇਵ ਨੇ ਪੜ੍ਹਾਈ ਕੀਤੀ ਸੀ ਤੇ ਲਾਹੌਰ ਜੇਲ੍ਹ ਜਿੱਥੇ ਭਗਤ ਸਿੰਘ ਨੇ ਆਪਣੇ ਜੀਵਨ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਬਿਤਾਇਆ ਸੀ। ਲਾਹੌਰ ਵਿੱਚ ਹੀ ਲਾਲਾ ਲਾਜਪਤ ਰਾਏ ਉੱਤੇ ਬਰਤਾਨਵੀ ਹਿੰਦੋਸਤਾਨ ਦੀ ਪੁਲੀਸ ਨੇ 10 ਅਕਤੂਬਰ 1928 ਨੂੰ ਲਾਠੀਆਂ ਵਰ੍ਹਾਈਆਂ ਸਨ। ਉਨ੍ਹਾਂ ਨੂੰ ਕਾਫ਼ੀ ਸੱਟਾਂ ਲੱਗੀਆਂ ਸਨ। ਅਜੇ ਉਹ ਸੱਟਾਂ ਠੀਕ ਨਹੀਂ ਸਨ ਹੋਈਆਂ ਕਿ ਲਾਲਾ ਜੀ ਨੂੰ ਦਿਲ ਦਾ ਦੌਰਾ ਪਿਆ ਤੇ ਤਕਰੀਬਨ ਸਵਾ ਮਹੀਨੇ ਬਾਅਦ 17 ਨਵੰਬਰ ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਇਸ ਮੌਤ ਦਾ ਕਾਰਨ ਦਿਲ ਦਾ ਦੌਰਾ ਸੀ ਅਤੇ ਭਗਤ ਸਿੰਘ ਹੋਰਾਂ ਦੇ ਲਾਲਾ ਜੀ ਨਾਲ ਵਿਚਾਰਕ ਮਤਭੇਦ ਵੀ ਸਨ, ਫਿਰ ਵੀ ਆਜ਼ਾਦੀ ਦੇ ਪ੍ਰਵਾਨੇ ਭਾਰਤੀਆਂ ਨੇ ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਦੀ ਠਾਣ ਲਈ। ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਚੰਦਰ ਸ਼ੇਖ਼ਰ ਆਜ਼ਾਦ ਨੇ ਲਾਠੀਚਾਰਜ ਕਰਾਉਣ ਵਾਲੇ ਪੁਲੀਸ ਅਫਸਰ ਜੇਮਜ਼ ਸਕੌਟ ਨੂੰ ਮਾਰਨ ਦਾ ਫ਼ੈਸਲਾ ਕਰ ਲਿਆ, ਪਰ ਲਾਹੌਰ ਦੇ ਐੱਸ.ਐੱਸ.ਪੀ. ਦਫਤਰ 'ਚੋਂ ਮੋਟਰਸਾਈਕਲ 'ਤੇ ਨਿਕਲਿਆ 21 ਸਾਲਾ ਪ੍ਰੋਬੇਸ਼ਨਰੀ ਪੁਲੀਸ ਅਫਸਰ ਜੌਹਨ ਸਾਂਡਰਸ ਭੁਲੇਖੇ ਨਾਲ ਮਾਰਿਆ ਗਿਆ। ਸਾਂਡਰਸ ਨੂੰ ਮਾਰਨ ਤੋਂ ਬਾਅਦ ਜਦ ਭਗਤ ਸਿੰਘ ਤੇ ਸੁਖਦੇਵ ਨਿਕਲਣ ਲੱਗੇ ਤਾਂ ਬਰਤਾਨਵੀ ਪੁਲੀਸ ਦੇ ਇੱਕ ਸਿਪਾਹੀ ਚੰਨਣ ਸਿੰਘ ਨੇ ਉਨ੍ਹਾਂ ਦਾ ਪਿੱਛਾ ਕਰਨਾ ਚਾਹਿਆ ਜਿਸ ਨੂੰ ਚੰਦਰ ਸ਼ੇਖ਼ਰ ਆਜ਼ਾਦ ਨੇ ਗੋਲ਼ੀਆਂ ਮਾਰ ਕੇ ਉੱਥੇ ਹੀ ਮਾਰ ਦਿੱਤਾ। ਇਹ ਵਾਕਿਆ 17 ਦਸੰਬਰ 1928 ਦਾ ਹੈ। ਉਸ ਵੇਲੇ ਗੌਰਮਿੰਟ ਕਾਲਜ ਵਿੱਚ ਖੜ੍ਹੇ ਕਾਲਮਨਵੀਸ ਫ਼ੈਜ਼ ਅਹਿਮਦ ਫ਼ੈਜ਼ ਤੇ ਲੇਖਕ ਤਾਰਿਕ ਅਲੀ, ਮਜ਼ਹਰ ਅਲੀ ਨੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ। ਭੁਲੇਖੇ 'ਚ ਮਾਰੇ ਗਏ ਸਾਂਡਰਸ ਦੀ ਮੌਤ ਦਾ ਇਨਕਲਾਬੀਆਂ ਨੂੰ ਕੋਈ ਅਫ਼ਸੋਸ ਨਹੀਂ ਹੋਇਆ ਕਿਉਂਕਿ ਉਹ ਸਮਝਦੇ ਸਨ ਕਿ ਸਾਮਰਾਜਵਾਦ ਤੇ ਭਾਰਤ ਨੂੰ ਗ਼ੁਲਾਮ ਬਣਾਉਣ ਵਾਲਿਆਂ ਦਾ ਅਤੇ ਲਾਲਾ ਜੀ 'ਤੇ ਜ਼ੁਲਮ ਢਾਹੁਣ ਵਾਲਿਆਂ ਦਾ ਹੀ ਕਤਲ ਕੀਤਾ ਹੈ। ਇਸ ਕਾਂਡ ਨੂੰ 'ਲਾਹੌਰ ਸਾਜ਼ਿਸ਼' ਕਿਹਾ ਜਾਂਦਾ ਹੈ। ਇਸ ਕਾਂਡ ਤੋਂ ਬਾਅਦ ਭਗਤ ਸਿੰਘ ਤੇ ਉਸ ਦੇ ਸਾਥੀ ਪੁਲੀਸ ਦੇ ਹੱਥ ਨਹੀਂ ਆਏ। ਅੱਠ ਅਪਰੈਲ 1929 ਨੂੰ ਗੂੰਗੀ-ਬੋਲ਼ੀ ਤੇ ਸੁੱਤੀ ਹੋਈ ਅੰਗਰੇਜ਼ ਸਰਕਾਰ ਨੂੰ ਜਗਾਉਣ ਵਾਸਤੇ ਭਗਤ ਸਿੰਘ ਤੇ ਬਟੂਕੇਸ਼ਵਰ ਦੱਤ ਨੇ ਮਿਲ ਕੇ ਨਵੀਂ ਦਿੱਲੀ ਦੀ ਅਸੈਂਬਲੀ 'ਚ ਬੰਬ ਤੇ ਪਰਚੇ ਸੁੱਟੇ ਸਨ। ਇਹ ਬੰਬ ਕਿਸੇ ਨੂੰ ਮਾਰਨ ਜਾਂ ਜ਼ਖ਼ਮੀ ਕਰਨ ਵਾਸਤੇ ਨਹੀਂ ਸਗੋਂ ਅੰਗਰੇਜ਼ ਸਰਕਾਰ ਤੱਕ ਆਵਾਜ਼ ਪਹੁੰਚਾਉਣ ਵਾਸਤੇ ਸਨ। ਬੰਬ ਸੁੱਟਣ ਤੋਂ ਬਾਅਦ ਉਹ ਭੱਜੇ ਨਹੀਂ ਸਗੋਂ ਉੱਥੇ ਹੀ ਗ੍ਰਿਫ਼ਤਾਰੀ ਦੇ ਦਿੱਤੀ। ਲਾਹੌਰ ਸਾਜ਼ਿਸ਼ ਤੇ ਅਸੈਂਬਲੀ ਬੰਬ ਸਬੰਧੀ ਕੇਸ ਲਾਹੌਰ ਵਿੱਚ ਚੱਲਿਆ। 14 ਜੂਨ ਨੂੰ ਸਜ਼ਾ ਤੋਂ ਬਾਅਦ ਭਗਤ ਸਿੰਘ ਨੂੰ ਮੀਆਂਵਾਲ਼ੀ ਤੇ ਬਟੂਕੇਸ਼ਵਰ ਦੱਤ ਨੂੰ ਲਾਹੌਰ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਤੇ ਕੁਝ ਸਮੇਂ ਬਾਅਦ ਭਗਤ ਸਿੰਘ ਨੂੰ ਵੀ ਲਾਹੌਰ ਜੇਲ੍ਹ ਭੇਜ ਦਿੱਤਾ ਗਿਆ। 1929 ਵਿੱਚ ਹੀ ਬਟੂਕੇਸ਼ਵਰ ਦੱਤ ਨੂੰ ਅਸੈਂਬਲੀ ਬੰਬ ਕੇਸ ਵਿੱਚ ਉਮਰ ਕੈਦ ਹੋਈ ਸੀ ਜਦੋਂਕਿ ਲਾਹੌਰ ਸਾਜ਼ਿਸ਼ ਕੇਸ ਵਿੱਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਹੋਈ। ਸ਼ਾਦਮਨ ਚੌਕ ਵਾਲੀ ਜਗ੍ਹਾ 'ਤੇ ਤਿੰਨਾਂ ਨੂੰ ਫਾਂਸੀ ਦੇ ਤਖ਼ਤੇ 'ਤੇ ਲਟਕਾਇਆ ਗਿਆ। ਜੇਲ੍ਹ ਦੇ ਨਿਯਮਾਂ ਮੁਤਾਬਿਕ ਉਨ੍ਹਾਂ ਨੂੰ ਫਾਂਸੀ 24 ਮਾਰਚ ਨੂੰ ਸਵੇਰੇ ਤੜਕੇ ਹੋਣੀ ਸੀ। ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਕਿ ਪਹਿਲਾਂ ਤੋਂ ਜਾਰੀ ਹੋਏ ਸਰਕਾਰੀ ਹੁਕਮਾਂ ਨੂੰ ਛਿੱਕੇ ਟੰਗ ਕੇ ਇੱਕ ਦਿਨ ਪਹਿਲਾਂ 23 ਮਾਰਚ ਦੀ ਸ਼ਾਮ ਦੇ ਸੱਤ ਵਜੇ ਫਾਂਸੀ ਦੇ ਦਿੱਤੀ ਗਈ। ਖ਼ਲਕਤ ਦੇ ਰੋਹ ਤੋਂ ਬਚਣ ਲਈ ਸ਼ਹੀਦਾਂ ਦੀਆਂ ਲੋਥਾਂ ਨੂੰ ਗੁਪਤ ਢੰਗ ਨਾਲ ਰਾਤੋ-ਰਾਤ ਜੇਲ੍ਹ ਦੇ ਪਿਛਲੇ ਗੇਟ ਥਾਣੀਂ ਕਸੂਰ ਨੇੜਲੇ ਪਿੰਡ ਗੰਡਾ ਸਿੰਘ ਵਾਲਾ (ਇਸ ਵੇਲ਼ੇ ਪਾਕਿਸਤਾਨ 'ਚ) ਲਿਜਾ ਕੇ ਸਾੜਨ ਦੀ ਕੋਸ਼ਿਸ਼ ਕੀਤੀ ਗਈ ਪਰ ਲਾਹੌਰ ਤੋਂ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਪੁੱਜ ਗਏ ਸਨ। ਇਸ ਲਈ ਪੁਲੀਸ ਨੇ ਫਿਰੋਜ਼ਪੁਰ ਦੇ ਨਜ਼ਦੀਕ ਸਤਲੁਜ ਦਰਿਆ ਕੰਢੇ ਹੁਸੈਨੀਵਾਲਾ ਵਿਖੇ ਸ਼ਹੀਦਾਂ ਦਾ ਕਾਹਲੀ ਕਾਹਲੀ ਸਸਕਾਰ ਕੀਤਾ ਅਤੇ ਲੋਕ ਰੋਹ ਤੋਂ ਬਚਣ ਲਈ ਉਨ੍ਹਾਂ ਦੀਆਂ ਅਧਸੜੀਆਂ ਲੋਥਾਂ ਦਰਿਆ ਵਿੱਚ ਸੁੱਟ ਦਿੱਤੀਆਂ। ਛੱਬੀ ਮਾਰਚ 1931 ਨੂੰ ਲਾਹੌਰ ਤੋਂ ਛਪੇ ਅਖ਼ਬਾਰ 'ਦਿ ਟ੍ਰਿਬਿਊਨ' ਦੀ ਰਿਪੋਰਟ ਮੁਤਾਬਿਕ ਸਾਰਾ ਲਾਹੌਰ ਬੰਦ ਰਿਹਾ ਸੀ ਤੇ ਸ਼ਹੀਦਾਂ ਦੇ ਜਨਾਜ਼ੇ ਵਿੱਚ ਤਕਰੀਬਨ ਪੰਜਾਹ ਹਜ਼ਾਰ ਲੋਕ ਸ਼ਾਮਿਲ ਹੋਏ ਸਨ।

1965 ਦੀ ਭਾਰਤ ਪਾਕਿਸਤਾਨ ਜੰਗ ਤੋਂ ਪਹਿਲਾਂ ਦੋਹਾਂ ਦੂਜੇ ਮੁਲਕਾਂ ਦੇ ਬਾਸ਼ਿੰਦੇ ਆਸਾਨੀ ਨਾਲ ਇਧਰ ਉਧਰ ਜਾ ਸਕਦੇ ਸਨ, ਰੁਕਾਵਟਾਂ ਘੱਟ ਸਨ। ਗੁਰਦੁਆਰਿਆਂ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਂਦੇ ਯਾਤਰੀ ਲਾਹੌਰ ਤੋਂ ਤਕਰੀਬਨ 40 ਕਿਲੋਮੀਟਰ ਦੂਰੀ 'ਤੇ ਭਗਤ ਸਿੰਘ ਦੇ ਜਨਮ ਅਸਥਾਨ ਪਿੰਡ ਬੰਗਾ (ਜ਼ਿਲ੍ਹਾ ਲਾਇਲਪੁਰ/ ਫੈਸਲਾਬਾਦ) ਵੀ ਹੋ ਕੇ ਆਉਂਦੇ ਸਨ। ਬਰਤਾਨਵੀ ਰਾਜ ਵੇਲੇ ਹਕੂਮਤ ਨੇ ਜਦ ਬਾਰਾਂ ਵਸਾਈਆਂ ਤਾਂ ਪੰਜਾਬ ਦੇ ਚੜ੍ਹਦੇ ਪਾਸੇ ਤੋਂ ਲੋਕਾਂ ਨੂੰ ਉੱਥੇ ਜ਼ਮੀਨਾਂ ਅਲਾਟ ਕੀਤੀਆਂ ਸਨ। ਉਦੋਂ ਭਗਤ ਸਿੰਘ ਹੋਰਾਂ ਦਾ ਟੱਬਰ ਨਵਾਂਸ਼ਹਿਰ ਕੋਲ ਖਟਕੜ ਕਲਾਂ ਤੋਂ ਲਾਇਲਪੁਰ ਜ਼ਿਲ੍ਹੇ ਦੇ ਬੰਗਾ ਪਿੰਡ ਵਿੱਚ ਆ ਵੱਸਿਆ ਸੀ। ਇਸੇ ਪਿੰਡ ਵਿੱਚ ਭਗਤ ਸਿੰਘ ਦਾ ਜਨਮ ਪਿਤਾ ਕਿਸ਼ਨ ਸਿੰਘ ਤੇ ਮਾਤਾ ਵਿਦਿਆਵਤੀ ਦੇ ਘਰ 27 ਸਤੰਬਰ 1907 ਨੂੰ ਹੋਇਆ ਸੀ। ਉਹ ਸੱਤ ਭੈਣਾਂ-ਭਰਾਵਾਂ 'ਚੋਂ ਦੂਜੇ ਨੰਬਰ 'ਤੇ ਸੀ। 1947 ਦੀ ਦੇਸ਼ ਵੰਡ ਤੋਂ ਬਾਅਦ ਇਹ ਟੱਬਰ ਵਾਪਸ ਆਪਣੇ ਪਿੰਡ ਖਟਕੜ ਕਲਾਂ ਆ ਗਿਆ ਸੀ।

ਅਜੋਕੇ ਸਮੇਂ ਵਿੱਚ ਪਿੰਡ ਬੰਗਾ ਵਾਲੀ ਜਗ੍ਹਾ (ਹਵੇਲੀ/ਘਰ) ਐਡਵੋਕੇਟ ਇਕਬਾਲ ਵਿਰਕ ਦੀ ਮਲਕੀਅਤ ਹੈ ਜਿਸ ਨੇ ਉੱਥੇ ਭਗਤ ਸਿੰਘ ਤੇ ਆਜ਼ਾਦੀ ਸੰਘਰਸ਼ ਦੇ ਹੋਰ ਸ਼ਹੀਦਾਂ ਦੀਆਂ ਤਸਵੀਰਾਂ ਤੇ ਵਸਤਾਂ ਇਕੱਠੀਆਂ ਕਰਕੇ ਸੰਭਾਲੀਆਂ ਹੋਈਆਂ ਹਨ ਤੇ ਅਜਾਇਬਘਰ ਬਣਾਇਆ ਹੋਇਆ ਹੈ। ਭਗਤ ਸਿੰਘ ਬਾਰੇ ਅਧਿਐਨ ਦਾ ਮਾਹਿਰ, ਜਵਾਹਰਲਾਲ ਨਹਿਰੂ ਯੂਨਵਿਰਸਿਟੀ ਦਾ ਸਾਬਕਾ ਪ੍ਰੋਫੈਸਰ ਚਮਨ ਲਾਲ ਲਿਖਦਾ ਹੈ: "ਮੈਂ 2007 ਵਿੱਚ ਭਗਤ ਸਿੰਘ ਦੇ ਘਰ ਗਿਆ ਸਾਂ। ਪਿੰਡ ਦੇ ਰਾਹ 'ਚ ਮੈਨੂੰ 82 ਸਾਲ ਦਾ ਇੱਕ ਸੇਵਾਮੁਕਤ ਬਜ਼ੁਰਗ ਫਰਹੱਦ ਖ਼ਾਨ ਮਿਲਿਆ। ਉਹ ਮੈਨੂੰ ਆਪਣੇ ਘਰ ਲੈ ਗਿਆ, ਉਨ੍ਹਾਂ ਨੇ ਆਪਣੀ ਗਲ਼ੀ ਦਾ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖਿਆ ਹੋਇਆ ਹੈ। ਉਸ ਨੇ ਆਪਣੇ ਡਰਾਇੰਗ ਰੂਮ ਵਿੱਚ ਸ. ਭਗਤ ਸਿੰਘ ਦੀ ਫੋਟੋ ਵੀ ਲਗਾਈ ਹੋਈ ਸੀ।" ਸ. ਭਗਤ ਸਿੰਘ ਤੇ ਉਸ ਦੀ ਵਿਚਾਰਧਾਰਾ ਵੱਲ ਕਈ ਲੇਖਕ ਤੇ ਇਤਿਹਾਸਕਾਰ ਆਕਰਸ਼ਿਤ ਹੋਏ ਹਨ। ਸਿੰਧੀ ਲੇਖਕ ਸ਼ੇਖ ਅੱਯਾਜ਼ ਨੇ ਭਗਤ ਸਿੰਘ ਦੇ ਜੀਵਨ 'ਤੇ ਇੱਕ ਕਾਵਿ ਨਾਟਕ ਲਿਖਿਆ; ਪੰਜਾਬੀ ਅਦੀਬ ਅਹਿਮਦ ਸਲੀਮ ਨੇ ਭਗਤ ਸਿੰਘ ਬਾਰੇ ਬਹੁਤ ਕੁਝ ਲਿਖਿਆ, ਜਿਵੇਂ: ਭਗਤ ਸਿੰਘ ਦਾ ਜੀਵਨ ਅਤੇ ਆਦਰਸ਼ ਤੇ ਇੱਕ ਕਾਵਿਕ ਰਚਨਾ 'ਕਿਹੜੀ ਮਾਂ ਨੇ ਭਗਤ ਸਿੰਘ ਜੰਮਿਆ' ਲਿਖੀ ਹੈ। ਇਸੇ ਤਰ੍ਹਾਂ ਉਰਦੂ ਲੇਖਕਾ ਜ਼ਾਹਿਦਾ ਹਿਨਾ ਨੇ ਭਗਤ ਸਿੰਘ ਨੂੰ ਬਹੁਤ ਹੀ ਸਤਿਕਾਰਿਤ ਸ਼ਹੀਦ ਮੰਨਿਆ ਹੈ। ਮਹਾਨ ਲੇਖਕ ਫ਼ੈਜ਼ ਅਹਿਮਦ ਫ਼ੈਜ਼ ਦੀ ਧੀ ਸਲੀਮਾ ਹਾਸ਼ਮੀ ਨੇ ਵੀ ਭਗਤ ਸਿੰਘ ਬਾਰੇ ਲਿਖਿਆ ਹੈ। ਇਤਿਹਾਸਕਾਰ ਮੁਬਾਰਕ ਅਲੀ ਨੇ ਪਾਕਿਸਤਾਨ ਦੀ ਮਕਬੂਲ ਅਖ਼ਬਾਰ 'ਡਾਅਨ' ਵਿੱਚ ਭਗਤ ਸਿੰਘ ਬਾਰੇ ਬਹੁਤ ਲਿਖਿਆ ਹੈ। ਸਿਨਤੇ ਰਿਜ਼ਵੀ ਨੇ ਅਜੈ ਘੋਸ਼ ਦੀ ਕਿਤਾਬ 'ਭਗਤ ਸਿੰਘ ਤੇ ਉਹਦੇ ਸਾਥੀ' ਦਾ ਉਰਦੂ ਵਿੱਚ ਉਲਥਾ ਕੀਤਾ ਹੈ। ਪਾਕਿਸਤਾਨ ਦੇ ਖੱਬੇ-ਪੱਖੀ ਤੇ ਸਿਵਿਲ ਸੁਸਾਇਟੀ ਦੇ ਲੋਕਾਂ ਨੂੰ ਜੇਹਾਦੀ ਵਿਚਾਰਧਾਰਾ ਦਾ ਮੁਕਾਬਲਾ ਕਰਨ ਲਈ ਭਗਤ ਸਿੰਘ ਲੋੜੀਂਦਾ ਹੈ। ਸੜਕ ਜਾਂ ਚੌਕ ਦਾ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖਣਾ ਇੱਕ ਮਹੱਤਵਪੂਰਨ ਕਦਮ ਹੈ। ਇਹ ਗੱਲ ਵਧੀਆ ਹੈ ਕਿ ਪਾਕਿਸਤਾਨ ਦੇ ਮੀਡੀਆ ਵਿੱਚ ਭਗਤ ਸਿੰਘ ਗ਼ਰੀਬਾਂ ਮਜ਼ਦੂਰਾਂ ਦੇ ਨਾਇਕ ਤੇ ਸਾਮਰਾਜਵਾਦੀਆਂ ਦੇ ਵਿਰੋਧੀ ਵਜੋਂ ਉਭਰਿਆ ਹੈ। ਬਰਤਾਨਵੀ ਬਸਤੀਵਾਦੀ ਹਾਕਮਾਂ ਨੇ ਭਗਤ ਸਿੰਘ ਨਾਲ ਸਬੰਧਿਤ ਸਾਰੇ ਨਿਸ਼ਾਨ ਮਿਟਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਹੁਣ ਕਈ ਕੁਝ ਬਦਲ ਚੁੱਕਾ ਹੈ। ਭਗਤ ਸਿੰਘ ਦੇ ਜਨਮ ਸਥਾਨ 'ਤੇ ਇੱਕ ਵੱਡਾ ਅਜਾਇਬਘਰ ਬਣਾਉਣ ਦੀ ਵੀ ਮੰਗ ਉੱਠੀ ਹੈ। ਬ੍ਰੈਡਲੇ ਹਾਲ ਨੂੰ ਇੱਕ ਵਿਰਾਸਤੀ ਇਮਾਰਤ ਵਜੋਂ ਸੁਰੱਖਿਅਤ ਬਣਾਉਣ ਦੀ ਵੀ ਰਾਇ ਬਣੀ ਹੈ। ਐਸੀ ਵੀ ਗੱਲ ਨਹੀਂ ਕਿ ਐਨੇ ਲੰਮੇ ਸਮੇਂ ਤੋਂ ਚੌਕ ਦਾ ਨਾਂ ਭਗਤ ਸਿੰਘ ਚੌਕ ਰੱਖਣ ਦੇ ਉਪਰਾਲੇ ਨੂੰ ਕਾਮਯਾਬੀ ਨਾ ਮਿਲੀ ਹੋਵੇ। 2012 ਵਿੱਚ ਪਾਕਿਸਤਾਨ ਸਰਕਾਰ ਨੇ ਇਸ ਦਾ ਨਾਂ 'ਭਗਤ ਸਿੰਘ ਚੌਕ' ਰੱਖ ਦਿੱਤਾ ਸੀ, ਪਰ ਆਲ਼ੇ-ਦੁਆਲ਼ੇ ਦੀ ਮਾਰਕੀਟ ਦੇ ਦੁਕਾਨਦਾਰਾਂ, ਜੋ ਕਿ ਹਾਫ਼ਿਜ਼ ਸੱਯਦ ਦੀ ਤਨਜ਼ੀਮ ਜਮਾਤ-ਉਦ-ਦਾਵਾ ਦੇ ਮੈਂਬਰ ਸਨ, ਵੱਲੋਂ ਮੁਜ਼ਾਹਰੇ ਕਰਨ ਅਤੇ ਰੌਲ਼ਾ ਰੱਪਾ ਪਾਉਣ ਕਰਕੇ ਇਹ ਫ਼ੈਸਲਾ ਪਲਟ ਦਿੱਤਾ ਗਿਆ। ਇਸ ਦੇ ਬਾਵਜੂਦ ਸਰਕਾਰ ਨੇ ਨਾਂ ਬਦਲਣ ਦੇ ਹੱਕ ਵਿੱਚ 'ਦਿਲਕਸ਼ ਲਾਹੌਰ ਕਮੇਟੀ' ਬਣਾਈ ਕਿ ਉਹ ਇਸ ਨਾਂ ਦੀ ਸਿਫ਼ਾਰਿਸ਼ ਕਰੇ ਪਰ ਇਸ ਵਾਰ ਪਾਬੰਦੀਸ਼ੁਦਾ ਤਨਜ਼ੀਮ, ਜਮਾਤ ਉਦ ਦਾਅਵਾ ਨਾਲ ਸਬੰਧਾਂ ਵਾਲੀ ਤਹਿਰੀਕ-ਏ-ਹੁਰਮਤ-ਏ-ਰਸੂਲ ਨੇ ਹਾਈਕੋਰਟ ਦਾ ਦਰਵਾਜ਼ਾ ਖੜਕਾ ਦਿੱਤਾ ਤੇ ਦਲੀਲ ਇਹ ਦਿੱਤੀ ਕਿ ਚੌਕ ਦਾ ਨਾਂ ਬਦਲਣ ਪਿੱਛੇ ਭਾਰਤ ਦੀ ਖ਼ੁਫ਼ੀਆ ਏਜੰਸੀ ਰਾਅ ਦਾ ਹੱਥ ਹੈ। ਦੂਜੀ ਦਲੀਲ ਇਹ ਦਿੱਤੀ ਗਈ ਕਿ ਪਾਕਿਸਤਾਨ ਇੱਕ ਇਸਲਾਮੀ ਮੁਲਕ ਹੈ, ਕੋਈ ਵੀ ਮੁੱਖ ਰਸਤਾ ਜਾਂ ਚੌਕ ਕਿਸੇ ਗ਼ੈਰ ਮੁਸਲਿਮ ਦੇ ਨਾਂ 'ਤੇ ਨਹੀਂ ਹੋਣਾ ਚਾਹੀਦਾ। ਇਸ ਦੇ ਜੁਆਬ 'ਚ ਵਕੀਲ ਇਮਤਿਆਜ਼ ਕੁਰੈਸ਼ੀ ਨੇ ਕਿਹਾ ਸੀ ਕਿ "ਜੇ ਭਾਰਤ ਵਿੱਚ ਸਰ ਸੱਯਦ ਅਹਿਮਦ ਖਾਨ ਦਾ ਬੁੱਤ ਲੱਗ ਸਕਦਾ ਹੈ ਤਾਂ ਭਗਤ ਸਿੰਘ ਦਾ ਬੁੱਤ ਇਸ ਚੌਕ ਵਿੱਚ ਕਿਉਂ ਨਹੀਂ ? ਮੁਹੰਮਦ ਅਲੀ ਜਿਨਾਹ ਨੇ ਵੀ ਤਾਂ ਭਗਤ ਸਿੰਘ ਦੀ ਸ਼ਹੀਦੀ ਨੂੰ ਵੱਡੀ ਕੁਰਬਾਨੀ ਦੱਸਿਆ ਅਤੇ ਸ਼ਹਾਦਤ ਨੂੰ ਸਲਾਮ ਕਰਦਿਆਂ ਕਿਹਾ ਸੀ ਕਿ ਭਗਤ ਸਿੰਘ ਬਹਾਦਰਾਂ 'ਚੋਂ ਬਹਾਦਰ ਸੀ।"

ਲਾਹੌਰ ਹਾਈ ਕੋਰਟ ਨੇ 2018 ਵਿੱਚ ਫ਼ੈਸਲਾ ਸੁਣਾਉਂਦਿਆਂ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਸ਼ਾਦਮਨ ਚੌਕ ਦਾ ਨਾਂ ਭਗਤ ਸਿੰਘ ਚੌਕ ਰੱਖ ਦਿੱਤਾ ਜਾਵੇ ਪਰ 2024 ਤੱਕ ਇਸ ਹਦਾਇਤ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ। ਸੋ ਇਸੇ ਸਾਲ ਅਪਰੈਲ ਵਿੱਚ ਭਗਤ ਸਿੰਘ ਫਾਊਂਡੇਸ਼ਨ ਦੇ ਕਾਰਕੁਨਾਂ ਨੇ ਪੰਜਾਬ ਸਰਕਾਰ ਦੇ ਤਿੰਨ ਅਫਸਰਾਂ ਖ਼ਿਲਾਫ਼ ਅਦਾਲਤੀ ਮਾਣਹਾਨੀ ਦਾ ਕੇਸ ਪਾਇਆ ਸੀ ਜਿਸ ਦੀ ਪੇਸ਼ੀ ਦੌਰਾਨ ਪੰਜਾਬ ਸਰਕਾਰ ਦੇ ਸਹਾਇਕ ਐਡਵੋਕੇਟ ਜਨਰਲ ਇਮਰਾਨ ਖਾਨ ਨੇ ਬੇਨਤੀ ਕਰਦਿਆਂ ਕਿਹਾ ਸੀ ਕਿ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਵਾਸਤੇ ਸਰਕਾਰ ਨੂੰ ਕੁਝ ਹੋਰ ਵਕਤ ਦਿੱਤਾ ਜਾਵੇ। ਪਟੀਸ਼ਨਰ ਵੱਲੋਂ ਐਡਵੋਕੇਟ ਖ਼ਾਲਿਦ ਜ਼ਮਾ ਕੱਕੜ ਨੇ ਕਿਹਾ ਕਿ ਇਸ ਮਾਮਲੇ 'ਚ ਪਹਿਲਾਂ ਹੀ ਬੜੀ ਦੇਰ ਹੋ ਚੁੱਕੀ ਹੈ, ਪਰ ਸਰਕਾਰੀ ਪੱਖ ਦੀ ਦਲੀਲ 'ਤੇ ਵਿਚਾਰ ਕਰਦਿਆਂ ਕੋਰਟ ਨੇ ਅਗਲੀ ਤਰੀਕ ਸੱਤ ਜੂਨ 2024 ਦਿੱਤੀ ਸੀ।

# ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜੀਏ

ਡਾ. ਰਣਜੀਤ ਸਿੰਘ

ਪੰਜਾਬੀ ਮਿਹਨਤੀ, ਹਿੰਮਤੀ ਅਤੇ ਖ਼ਤਰੇ ਸਹੇੜਨ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ। ਜਦੋਂ ਵੀ ਇਨ੍ਹਾਂ ਨੂੰ ਕਿਸੇ ਨਵੀਂ ਥਾਂ ਜਾਣ ਦਾ ਮੌਕਾ ਮਿਲਦਾ ਹੈ ਤਾਂ ਉਹ ਉੱਥੇ ਜਾਣ ਲਈ ਸਭ ਤੋਂ ਅੱਗੇ ਹੁੰਦੇ ਹਨ। ਦੇਸ਼ ਦੀ ਆਜ਼ਾਦੀ ਸਮੇਂ ਪੰਜਾਬ ਦੀ ਵੰਡ ਹੋਈ ਤੇ ਪੰਜਾਬੀਆਂ ਨੇ ਭਿਆਨਕ ਸੰਤਾਪ ਭੋਗਿਆ। ਪਾਕਿਸਤਾਨ ਵਾਲੇ ਪੰਜਾਬ ਵਿੱਚ ਕਿਸੇ ਹਿੰਦੂ ਜਾਂ ਸਿੱਖ ਦਾ ਰਹਿਣਾ ਮੁਸ਼ਕਿਲ ਹੋ ਗਿਆ ਤੇ ਇਸ ਪਾਸੇ ਮੁਸਲਮਾਨਾਂ ਨੂੰ ਘਰ ਬਾਰ ਛੱਡ ਕੇ ਜਾਣਾ ਪਿਆ। ਲੱਖਾਂ ਲੋਕ ਮਾਰੇ ਗਏ। ਔਰਤਾਂ ਦੀ ਇੱਜ਼ਤ ਲੁੱਟੀ ਗਈ ਤੇ ਸਭ ਕੁਝ ਲੁਟਾ ਕੇ ਖਾਲੀ ਹੱਥ ਆਉਣਾ ਪਿਆ। ਉਧਰੋਂ ਆਏ ਪੰਜਾਬੀਆਂ ਨੇ ਇਸ ਪਾਸੇ ਪੈਰ ਲਗਦਿਆਂ ਹੀ ਅੱਗੇ ਵਧਣਾ ਸ਼ੁਰੂ ਕੀਤਾ। ਖੇਤੀ ਦੇ ਨਵੇਂ ਢੰਗ ਤਰੀਕੇ, ਨਵੇਂ ਬੀਜ ਅਤੇ ਮਸ਼ੀਨਾਂ ਦੀ ਵਰਤੋਂ ਕਰਨ ਵਿੱਚ ਪੰਜਾਬੀਆਂ ਨੇ ਦੇਸ਼ ਦੀ ਅਗਵਾਈ ਕੀਤੀ। ਜਿੱਥੇ ਉਹ ਲੋੜ ਪੈਣ ਉੱਤੇ ਸਰਹੱਦਾਂ ਦੀ ਰਾਖੀ ਕਰਦੇ ਸਨ, ਉੱਥੇ ਭੁੱਖਮਰੀ ਨਾਲ ਜੂਝ ਰਹੇ ਦੇਸ਼ ਵਿੱਚ ਅਨਾਜ ਦੇ ਢੇਰ ਲਗਾ ਦਿੱਤੇ, ਜਿਸ ਨੂੰ ਹਰਾ ਇਨਕਲਾਬ ਆਖਿਆ ਗਿਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਰੇ ਇਨਕਲਾਬ ਨਾਲ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ ਗਿਆ ਅਤੇ ਪੰਜਾਬ ਵਿੱਚ ਖੁਸ਼ਹਾਲੀ ਆਈ। ਪਰ ਖੁਸ਼ਹਾਲੀ ਲਈ ਵੀ ਪੰਜਾਬੀਆਂ ਨੂੰ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ। ਇਸ ਖੁਸ਼ਹਾਲੀ ਨੇ ਵਿਉਪਾਰੀਆਂ ਨੂੰ ਆਪਣੇ ਵੱਲ ਖਿੱਚਿਆ। ਟਰੈਕਟਰ ਤੇ ਦੂਜੀਆਂ ਮਸ਼ੀਨਾਂ ਦੇ ਪ੍ਰਦਰਸ਼ਨ ਕਰਕੇ ਕਿਸਾਨਾਂ ਨੂੰ ਇਨ੍ਹਾਂ ਦੀ ਖਰੀਦ ਲਈ ਉਤਸ਼ਾਹਿਤ ਕੀਤਾ, ਜਿਸ ਨਾਲ ਪੰਜਾਬ ਦੀ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ। ਸਿੰਚਾਈ ਸਹੂਲਤਾਂ ਦੇ ਵਾਧੇ ਨਾਲ ਸਾਰੀ ਧਰਤੀ ਦੋ ਫ਼ਸਲੀ ਹੋ ਗਈ ਜਿਸ ਨਾਲ ਕਾਮਿਆਂ ਦੀ ਮੰਗ ਵਧੀ ਤੇ ਦੂਜੇ ਸੂਬਿਆਂ ਤੋਂ ਕਾਮੇ ਆਉਣ ਲੱਗੇ। ਪਹਿਲਾਂ ਉਹ ਫ਼ਸਲ ਦੀ ਲੁਆਈ ਅਤੇ ਵਾਢੀ ਸਮੇਂ ਹੀ ਆਉਂਦੇ ਸਨ, ਫਿਰ ਉਹ ਟੱਬਰਾਂ ਸਮੇਤ ਆ ਕੇ ਇੱਥੇ ਹੀ ਰਹਿਣ ਲੱਗ ਪਏ। ਉਨ੍ਹਾਂ ਦੇ ਬੱਚਿਆਂ ਨੇ ਦੁਕਾਨਾਂ ਅਤੇ ਦਫਤਰਾਂ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਤੇ ਔਰਤਾਂ ਨੇ ਘਰਾਂ ਦਾ ਕੰਮ ਸੰਭਾਲ ਲਿਆ। ਹੁਣ ਘਰਾਂ ਅਤੇ ਖੇਤਾਂ ਦਾ ਬਹੁਤਾ ਕੰਮ ਇਹ ਲੋਕ ਹੀ ਕਰਦੇ ਹਨ। ਸ਼ਹਿਰਾਂ ਦੇ ਬਹੁਤੇ ਘਰਾਂ ਵਿੱਚ ਰੋਟੀ ਵੀ ਇਹ ਲੋਕ ਹੀ ਪਕਾਉਣ ਲੱਗ ਪਏ ਹਨ। ਇੰਝ ਪੰਜਾਬੀ ਹੌਲੀ ਹੌਲੀ ਕਿਰਤ ਤੋਂ ਦੂਰ ਹੋ ਰਹੇ ਹਨ। ਤਕਨੀਕੀ ਕੰਮ ਜਿਵੇਂ ਕਿ ਲੁਹਾਰਾ, ਤਰਖਾਣ, ਪਲੰਬਰ, ਰਾਜ ਮਿਸਤਰੀ ਆਦਿ ਕੰਮ ਵੀ ਹੌਲੀ ਹੌਲੀ ਇਨ੍ਹਾਂ ਹੀ ਸੰਭਾਲ ਲਏ ਹਨ। ਪੰਜਾਬ ਦੇ ਇਨ੍ਹਾਂ ਕਿੱਤਿਆਂ ਦੇ ਆਪਣੇ ਤੌਰ ਤਰੀਕੇ ਅਤੇ ਦਸਤਕਾਰੀ ਲੋਪ ਹੋ ਗਏ ਹਨ। ਵਿਦਿਆ ਦੇ ਵਿਉਪਾਰੀਆਂ ਨੇ ਥਾਂ ਥਾਂ ਅੰਗਰੇਜ਼ੀ ਸਕੂਲ ਖੋਲ੍ਹ ਲਏ। ਇਨ੍ਹਾਂ ਸਕੂਲਾਂ ਵਿੱਚ ਬੱਚੇ ਭੇਜਣਾ ਪੰਜਾਬੀ ਆਪਣੀ ਸ਼ਾਨ ਸਮਝਣ ਲੱਗ ਪਏ ਹਨ। ਇਨ੍ਹਾਂ ਸਕੂਲਾਂ ਵਿੱਚ ਪੰਜਾਬੀ ਪੜ੍ਹਨੀ ਤੇ ਬੋਲਣੀ ਸਖਤ ਮਨ੍ਹਾਂ ਹੈ। ਇੰਝ ਪੰਜਾਬੀ ਬੱਚੇ ਆਪਣੀ ਮਾਂ ਬੋਲੀ, ਆਪਣੇ ਇਤਿਹਾਸ, ਆਪਣੇ ਸੱਭਿਆਚਾਰ ਅਤੇ ਆਪਣੇ ਰਸਮੋ ਰਿਵਾਜਾਂ ਤੋਂ ਦੂਰ ਹੋ ਗਏ ਹਨ। ਬਾਜ਼ਾਰ ਕੱਪੜਿਆਂ, ਬਿਜਲੀ ਉਪਕਰਨਾਂ, ਫਰਨੀਚਰ ਆਦਿ ਨਾਲ ਭਰੇ ਗਏ। ਪਿੰਡਾਂ ਵਿੱਚ ਸਾਰੇ ਘਰ ਪੱਕੇ ਹੋ ਗਏ, ਬਿਜਲੀ ਆ ਗਈ, ਪਾਣੀ ਦੀਆਂ ਟੂਟੀਆਂ ਲੱਗ ਗਈਆਂ। ਆਪਸੀ ਭਾਈਚਾਰਾ, ਰਹਿਣ ਸਹਿਣ, ਰਸਮੋ ਰਿਵਾਜ ਸਭ ਕੁਝ ਬਦਲ ਗਿਆ। ਜਿਸ ਤੇਜ਼ੀ ਨਾਲ ਪੰਜਾਬੀ ਜੀਵਨ ਬਦਲਿਆ ਇਸ ਤੇਜ਼ੀ ਨਾਲ ਤਬਦੀਲੀ ਸ਼ਾਇਦ ਸੰਸਾਰ ਵਿੱਚ ਕਿਤੇ ਵੀ ਨਹੀਂ ਸੀ ਆਈ। ਨਵੀਂ ਪੀੜ੍ਹੀ ਨੂੰ ਜਦੋਂ ਅਸੀਂ ਬਚਪਨ ਦੀਆਂ ਕਹਾਣੀਆਂ ਸੁਣਾਉਂਦੇ ਹਾਂ ਤਾਂ ਉਨ੍ਹਾਂ ਲਈ ਯਕੀਨ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਅਜਿਹਾ ਹੁੰਦਾ ਸੀ।

ਅਫ਼ਸੋਸ ਇਸ ਗੱਲ ਦਾ ਹੈ ਕਿ ਕਿਸੇ ਵੀ ਸਰਕਾਰ, ਸੰਸਥਾ ਜਾਂ ਧਾਰਮਿਕ ਆਗੂ ਨੇ ਆਪਣੇ ਵਿਰਸੇ ਦੀ ਸਾਂਭ-ਸੰਭਾਲ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ। ਇੰਝ ਪੰਜਾਬੀ ਜੀਵਨ ਸਮਾਜਿਕ ਕਦਰਾਂ ਕੀਮਤਾਂ ਨੂੰ ਭੁੱਲ ਆਪਮੁਹਾਰਾ ਹੋ ਗਿਆ। ਇਸੇ ਕਰਕੇ ਮਿਹਨਤ, ਸੰਤੋਖ, ਭਾਈਚਾਰਾ, ਇਮਾਨਦਾਰੀ ਆਦਿ ਪੰਜਾਬੀਆਂ ਦੇ ਮੁੱਖ ਗੁਣ ਲੋਪ ਹੋ ਰਹੇ ਹਨ।

ਪੰਜਾਬ ਨੂੰ ਸਰਦਾਰ ਪ੍ਰਤਾਪ ਸਿੰਘ ਕੈਰੋਂ ਪਿੱਛੋਂ ਕੋਈ ਦੂਰਅੰਦੇਸ਼ ਨੇਤਾ ਨਹੀਂ ਮਿਲ ਸਕਿਆ। ਉਨ੍ਹਾਂ ਨੇ ਪੰਜਾਬ ਵਿੱਚ ਖੇਤੀ, ਸਨਅਤ ਅਤੇ ਵਿਦਿਅਕ ਵਿਕਾਸ ਵੱਲ ਸਭ ਤੋਂ ਵੱਧ ਧਿਆਨ ਦਿੱਤਾ ਤੇ ਪੰਜਾਬ ਦੇਸ਼ ਦਾ ਸਭ ਤੋਂ ਵੱਧ ਵਿਕਸਤ ਸੂਬਾ ਬਣ ਗਿਆ।

ਮੁੜ ਕੁਰਬਾਨੀਆਂ ਦੇ ਕੇ ਬੋਲੀ ਦੇ ਆਧਾਰ ਉੱਤੇ ਪੰਜਾਬੀ ਸੂਬਾ ਪ੍ਰਾਪਤ ਕੀਤਾ। ਇਸ ਪ੍ਰਾਪਤੀ ਲਈ ਆਪਣੀ ਰਾਜਧਾਨੀ, ਬਹੁਤ ਸਾਰਾ ਇਲਾਕਾ ਅਤੇ ਪਾਣੀ ਦੇ ਵਸੀਲਿਆਂ ਦੀ ਕੁਰਬਾਨੀ ਦੇਣੀ ਪਈ। ਜਾਪਦਾ ਸੀ ਹੁਣ ਪਹਿਲਾਂ ਤੋਂ ਵੱਧ ਮਿਹਨਤ ਕਰਕੇ ਪੰਜਾਬ, ਦੇਸ਼ ਦਾ ਹੀ ਨਹੀਂ ਸਗੋਂ ਸਾਰੇ ਸੰਸਾਰ ਦਾ ਵਿਕਸਤ ਸੂਬਾ ਬਣ ਜਾਵੇਗਾ। ਪਰ ਬਦਕਿਸਮਤੀ ਸਾਡੇ ਆਗੂਆਂ ਜਿਨ੍ਹਾਂ ਵਿੱਚ ਧਾਰਮਿਕ ਆਗੂ ਵੀ ਸ਼ਾਮਿਲ ਹਨ, ਨੇ ਨਵੀਂ ਪੀੜ੍ਹੀ ਨੂੰ ਆਪਣੀ ਬੋਲੀ ਅਤੇ ਵਿਰਸੇ ਨਾਲ ਜੋੜਨ ਦੀ ਥਾਂ ਤੋੜਨ ਦਾ ਕੰਮ ਕੀਤਾ। ਪੰਜਾਬੀਆਂ ਨੂੰ ਸੇਧ ਦੇਣ ਦੀ ਥਾਂ ਆਪੋ ਆਪਣੇ ਮਿਸ਼ਨ ਲਈ ਵਰਤਿਆ ਗਿਆ। ਨਕਸਲਬਾੜੀ ਲਹਿਰ ਚੱਲੀ। ਆਪਣਿਆਂ ਹੱਥੋਂ ਹੀ ਸੈਂਕੜੇ ਨੌਜਵਾਨ ਮਾਰੇ ਗਏ। ਇਹ ਨਹੀਂ ਸੋਚਿਆ ਗਿਆ ਕਿ ਸੰਸਾਰ ਦਾ ਤਖ਼ਤਾ, ਤਾਕਤ ਨਾਲ ਨਹੀਂ ਸਗੋਂ ਦਿਮਾਗ਼ ਤੇ ਉੱਚੀ ਸੋਚ ਨਾਲ ਬਦਲਿਆ ਜਾਂਦਾ ਹੈ। ਅਤਿਵਾਦ ਦੇ ਦਿਨਾਂ ਵਿੱਚ ਤਾਂ ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ਹਜ਼ਾਰਾਂ ਨੂੰ ਟੱਪ ਗਈ। ਕਿਸੇ ਠੀਕ ਹੀ ਆਖਿਆ ਸੀ ਕਿ ਦੇਖੋ ਕਿਵੇਂ ਆਪਣੇ ਹੀ ਆਪਣਿਆਂ ਨੂੰ ਮਾਰ ਰਹੇ ਹਨ। ਪੰਜਾਬ ਦਾ ਵਿਕਾਸ ਰੁਕ ਗਿਆ ਸਗੋਂ ਪਿੱਛੇ ਵੱਲ ਮੁੜਨ ਲੱਗਿਆ। ਪਹਿਲਾਂ ਵਿਉਪਾਰੀਆਂ ਨੇ ਲੁੱਟਿਆ, ਮੁੜ ਆਪਣਿਆਂ ਨੇ ਲੁੱਟਣਾ ਸ਼ੁਰੂ ਕਰ ਦਿੱਤਾ। ਜਿਹੜੇ ਨੌਜਵਾਨ ਜਿਊਂਦੇ ਰਹਿ ਗਏ ਉਨ੍ਹਾਂ ਦੇ ਪੱਲੇ ਨਸ਼ੇ ਪਾ ਦਿੱਤੇ ਗਏ। ਕਿਸੇ ਸੂਬੇ ਵਿੱਚ ਨਸ਼ਿਆਂ ਦੀ ਵਿਕਰੀ ਸਿਆਸੀ ਸ਼ਹਿ ਤੋਂ ਬਗੈਰ ਨਹੀਂ ਹੁੰਦੀ। ਲੀਡਰਾਂ ਦੇ ਰਾਤੋ ਰਾਤ ਅਮੀਰ ਬਣਨ ਦੇ ਸੁਪਨਿਆਂ ਨੇ ਬੇਈਮਾਨੀ ਅਤੇ ਰਿਸ਼ਵਤਖੋਰੀ ਨੂੰ ਜਨਮ ਦਿੱਤਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਸੇ ਸਮੇਂ ਧਾਰਮਿਕ ਸਥਾਨਾਂ ਅਤੇ ਧਾਰਮਿਕ ਆਗੂਆਂ ਦੀ ਗਿਣਤੀ ਵਿੱਚ ਵੀ ਤੇਜ਼ੀ ਨਾਲ ਵਾਧਾ ਹੋਇਆ ਪਰ ਉਸੇ ਤੇਜ਼ੀ ਨਾਲ ਲੋਕ ਗੁਰੂ ਨਾਨਕ ਸਾਹਿਬ ਵੱਲੋਂ ਬਖ਼ਸ਼ਿਸ਼ ਅਸੂਲਾਂ: ਕਿਰਤ ਕਰੋ, ਨਾਮ ਜਪੋ, ਵੰਡ ਛਕੋ ਤੋਂ ਦੂਰ ਹੋਏ ਹਨ। ਕਿਸੇ ਵੀ ਸਰਕਾਰ ਜਾਂ ਸੰਸਥਾ ਨੇ ਬੱਚਿਆਂ ਦੀ ਵਿਦਿਆ ਵੱਲ ਧਿਆਨ ਨਹੀਂ ਦਿੱਤਾ ਸਗੋਂ ਸਰਕਾਰੀ ਸਕੂਲਾਂ ਅਤੇ ਸਨਅਤੀ ਸਿਖਲਾਈ ਕੇਂਦਰਾਂ ਦੀ ਹਾਲਤ ਮਾੜੀ ਹੋਈ। ਚਾਹੀਦਾ ਸੀ ਕਿ ਅਸੀਂ ਆਪਣੇ ਬੱਚਿਆਂ ਨੂੰ ਵੱਡੇ ਅਫਸਰ ਬਣਨ, ਸਰਕਾਰੀ ਨੌਕਰੀਆਂ ਦੇ ਮੁਕਾਬਲੇ ਲਈ ਤਿਆਰ ਕਰਦੇ, ਉਨ੍ਹਾਂ ਨੂੰ ਡਾਕਟਰ, ਇੰਜਨੀਅਰ ਬਣਾਉਣ ਵੱਲ ਧਿਆਨ ਦਿੰਦੇ ਪਰ ਇਸ ਦੇ ਉਲਟ ਵਿਦਿਆ ਵਿਉਪਾਰ ਬਣ ਗਈ ਤੇ ਡਿਗਰੀਆਂ ਦੀ ਵਿਕਰੀ ਹੋਣ ਲੱਗੀ। ਦੂਜੇ ਸੂਬਿਆਂ ਵਿੱਚ ਜਿੱਥੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਦੇ ਇਮਤਿਹਾਨਾਂ ਲਈ ਤਿਆਰੀ ਕਰਵਾਉਣ ਲਈ ਕੋਚਿੰਗ ਕੇਂਦਰ ਖੋਲ੍ਹੇ ਗਏ ਹਨ ਉੱਥੇ ਪੰਜਾਬ ਵਿੱਚ ਹਰੇਕ ਗਲੀ ਮੁਹੱਲੇ 'ਚ ਆਈਲੈਟਸ (ਆਇਲਸ) ਕਰਵਾ ਕੇ ਬਾਹਰ ਭੇਜਣ ਦੀਆਂ ਦੁਕਾਨਾਂ ਅਤੇ ਸ਼ਰਾਬ ਦੇ ਠੇਕੇ ਖੁੱਲ੍ਹ ਗਏ ਹਨ। ਪੰਜਾਬੀ ਆਪਣੀਆਂ ਜ਼ਮੀਨਾਂ ਵੇਚ ਬੱਚੇ ਪਰਦੇਸਾਂ ਨੂੰ ਭੇਜ ਰਹੇ ਹਨ। ਪਿੰਡਾਂ ਦੀ ਗਲੀਆਂ ਸੁੰਨੀਆਂ ਹੋ ਗਈਆਂ ਹਨ। ਪਿੱਛੇ ਕੇਵਲ ਬਜ਼ੁਰਗ ਹੀ ਰਹਿ ਗਏ ਹਨ ਜਿਨ੍ਹਾਂ ਦੀ ਦੇਖਭਾਲ ਦੂਜੇ ਸੂਬਿਆਂ ਤੋਂ ਆਏ ਕਾਮੇ ਕਰ ਰਹੇ ਹਨ। ਪੰਜਾਬੀ ਜਿੱਥੇ ਹਰੇਕ ਘਰ ਵਿੱਚ ਦੁੱਧ ਤੇ ਪੁੱਤ ਦਾ ਹੋਣਾ ਜ਼ਰੂਰੀ ਸਮਝਦੇ ਸਨ ਪਰ ਹੁਣ ਦੋਵੇਂ ਲੋਪ ਹੋ ਰਹੇ ਹਨ। ਪੁੱਤ ਪਰਦੇਸਾਂ ਨੂੰ ਜਾ ਰਹੇ ਹਨ ਅਤੇ ਲਵੇਰਿਆਂ ਨੂੰ ਵੇਚ ਦਿੱਤਾ ਗਿਆ ਹੈ। ਹੁਣ ਸਵੇਰੇ ਉੱਠ ਲੱਸੀ ਪੀਣ ਤੇ ਮੱਖਣ ਨਾਲ ਰੋਟੀ ਖਾਣ ਦੀ ਥਾਂ ਚਾਹ ਪ੍ਰਧਾਨ ਹੋਈ ਹੈ ਅਤੇ ਸੌਣ ਵੇਲੇ ਦੁੱਧ ਦੀ ਥਾਂ ਦਾਰੂ ਦੀ ਝਾਕ ਰੱਖੀ ਜਾਂਦੀ ਹੈ। ਕੰਪਨੀਆਂ ਨੇ ਕੂੜ ਪ੍ਰਚਾਰ ਕਰਕੇ ਸਾਨੂੰ ਦੁੱਧ, ਮੱਖਣ ਤੇ ਘਿਓ ਤੋਂ ਦੂਰ ਕਰ ਦਿੱਤਾ। ਪੰਜਾਬੀ ਜਿਹੜੇ ਸਾਰੇ ਸੰਸਾਰ ਵਿੱਚ ਵਧੀਆ ਕਿਸਾਨ ਅਤੇ ਜੁਆਨ ਮੰਨੇ ਜਾਂਦੇ ਸਨ ਹੁਣ ਉਹ ਜਿਸਮਾਨੀ ਤੌਰ ਉੱਤੇ ਕਮਜ਼ੋਰ ਹੋ ਕਿਰਤ ਤੋਂ ਦੂਰ ਹੋ ਰਹੇ ਹਨ। ਕੁਝ ਨੌਜਵਾਨ ਬਿਨਾ ਮਿਹਨਤ ਕੀਤਿਆਂ ਅਮੀਰ ਬਣ ਲਈ ਸਾਈਬਰ ਜੁਰਮ ਕਰਨ ਲੱਗ ਪਏ ਹਨ।

ਸਾਡੇ ਰਾਜਸੀ ਅਤੇ ਧਾਰਮਿਕ ਆਗੂਆਂ ਦਾ ਫਰਜ਼ ਬਣਦਾ ਹੈ ਕਿ ਕੇਵਲ ਆਪਣੇ ਬਾਰੇ ਸੋਚਣਾ ਛੱਡ ਕੇ ਪੰਜਾਬ ਅਤੇ ਪੰਜਾਬੀਆਂ ਬਾਰੇ ਸੋਚਣ। ਪੰਜਾਬ ਜਿਹਾ ਅਮੀਰ ਤੇ ਮਹਾਨ ਇਤਿਹਾਸ ਸ਼ਾਇਦ ਹੀ ਕਿਸੇ ਹੋਰ ਕੌਮ ਕੋਲ ਹੋਵੇ। ਸਾਡਾ ਨਾਇਕ ਪੋਰਸ, ਜਿਸ ਨੇ ਸਿਕੰਦਰ ਵਰਗੇ ਵਿਸ਼ਵ ਜੇਤੂ ਨੂੰ ਬਿਆਸ ਦਰਿਆ ਪਾਰ ਨਹੀਂ ਕਰਨ ਦਿੱਤਾ ਸਗੋਂ ਅਜਿਹੀ ਮਾਰ ਮਾਰੀ ਕਿ ਉਸ ਨੂੰ ਪਿੱਛੇ ਮੁੜਨ ਲਈ ਮਜਬੂਰ ਕੀਤਾ। ਸਿਕੰਦਰ ਇਸੇ ਨਮੋਸ਼ੀ ਨਾਲ ਰਾਹ ਵਿੱਚ ਹੀ ਪ੍ਰਾਣ ਤਿਆਗ ਗਿਆ। ਇਤਿਹਾਸ ਵਿੱਚ ਪੋਰਸ ਨੂੰ ਹਾਰਿਆ ਹੋਇਆ ਦੱਸਿਆ ਗਿਆ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਕਿਰਤੀ ਕਿਸਾਨਾਂ ਨੇ ਸੰਸਾਰ ਦੀ ਸਭ ਤੋਂ ਤਾਕਤਵਰ ਸਮਝੀ ਜਾਂਦੀ ਹਕੂਮਤ ਦੀ ਇੱਟ ਨਾਲ ਇੱਟ ਖੜਕਾ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਨੇ ਬਾਰਾਂ ਸਾਲ ਦੀ ਉਮਰ ਵਿੱਚ ਹੀ ਅਬਦਾਲੀ ਦੇ ਪੋਤਰੇ ਨੂੰ ਅਜਿਹੀ ਭਾਜੜ ਪਾਈ ਕਿ ਜਿਸ ਰਸਤਿਓਂ ਆ ਕੇ ਵਿਦੇਸ਼ੀਆਂ ਨੇ ਕਈ ਸਦੀਆਂ ਦੇਸ਼ ਨੂੰ ਲੁੱਟਿਆ, ਮੁੜ ਕਿਸੇ ਦੀ ਉਸ ਪਾਸਿਓਂ ਆਉਣ ਦੀ ਜੁਰਅਤ ਨਹੀਂ ਪਈ। ਦੇਸ਼ ਦੀ ਆਜ਼ਾਦੀ ਲਈ ਵੀ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਹੀ ਦਿੱਤੀਆਂ, ਪਰ ਅਸੀਂ ਨਵੀਂ ਪੀੜ੍ਹੀ ਨੂੰ ਆਪਣੇ ਇਸ ਮਹਾਨ ਵਿਰਸੇ ਤੋਂ ਜਾਣੂ ਹੀ ਨਹੀਂ ਕਰਵਾਇਆ। ਪਿਛਲੇ ਦਿਨੀਂ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਮੇਰੇ ਕੁਝ ਲੇਖ ਛਪੇ ਸਨ। ਬਹੁਤ ਸਾਰੇ ਲੋਕਾਂ ਦੇ ਫੋਨ ਆਏ ਕਿ ਇਸ ਬਾਰੇ ਤਾਂ ਸਾਨੂੰ ਕਦੇ ਦੱਸਿਆ ਹੀ ਨਹੀਂ ਗਿਆ। ਸਕੂਲੀ ਇਤਿਹਾਸ ਦੀਆਂ ਪੁਸਤਕਾਂ ਇਸ ਤੋਂ ਸੱਖਣੀਆਂ ਹੀ ਹਨ, ਸਗੋਂ ਪੰਜਾਬੀਆਂ ਨੂੰ ਗੁਮਰਾਹ ਕਰਨ ਲਈ ਮੌਕੇ ਦੇ ਹਾਕਮਾਂ ਨੇ ਪੰਜਾਬ ਦੇ ਇਨ੍ਹਾਂ ਮਹਾਨ ਸਪੂਤਾਂ ਦੀ ਸ਼ਖ਼ਸੀਅਤ ਨੂੰ ਛੁਟਿਆ ਕੇ ਹੀ ਬਿਆਨ ਕੀਤਾ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤ ਦੇਰ ਹੋ ਚੁੱਕੀ ਹੈ ਪਰ ਹੁਣ ਵੀ ਸੰਭਲਿਆ ਜਾ ਸਕਦਾ ਹੈ। ਆਗੂਆਂ ਨੂੰ ਚਾਹੀਦਾ ਹੈ ਕਿ ਆਪਣੇ ਨਿੱਜੀ ਹਿੱਤ ਤਿਆਗ ਕੇ ਪੰਜਾਬ ਅਤੇ ਪੰਜਾਬੀਆਂ ਬਾਰੇ ਸੋਚਣ। ਜੇਕਰ ਪੰਜਾਬ ਖੁਸ਼ਹਾਲ ਹੋਵੇਗਾ ਤਾਂ ਤੁਹਾਡੀ ਕਰਨੀ ਦੀ ਕਦਰ ਪਵੇਗੀ, ਲੋਕ ਆਪਣੇ ਆਪ ਤੁਹਾਨੂੰ ਆਪਣੇ ਆਗੂ ਬਣਾ ਲੈਣਗੇ। ਫਿਰ ਗ਼ਲਤ ਢੰਗ ਤਰੀਕੇ ਅਪਨਾਉਣ ਦੀ ਲੋੜ ਨਹੀਂ ਪਵੇਗੀ। ਨਵੀਂ ਪੀੜ੍ਹੀ ਨੂੰ ਆਪਣੇ ਮਹਾਨ ਵਿਰਸੇ ਤੋਂ ਜਾਣੂ ਕਰਵਾਈਏ, ਉਨ੍ਹਾਂ ਨੂੰ ਕਿਰਤ ਕਰਨ, ਇਮਾਨਦਾਰੀ ਅਤੇ ਗਿਆਨ ਪ੍ਰਾਪਤੀ ਦੇ ਰਾਹੇ ਪਾਈਏ ਤੇ ਮੁੜ ਪੰਜਾਬ ਨੂੰ ਪੰਜਾਬ ਬਣਾਈਏ।

# ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਤੇ ਮੌਸਮ ਨਾਲ ਖਿਲਵਾੜ

ਮਹਿੰਦਰ ਸਿੰਘ ਦੋਸਾਂਝ
ਸੰਪਰਕ: 94632-33991

ਪਾਣੀ ਜੀਵਨ ਦੀ ਜੋਤ ਨੂੰ ਜਗਦੀ ਰੱਖਣ ਲਈ ਤੇਲ ਦੇ ਸਮਾਨ ਹੈ। ਪਾਣੀ ਦਾ ਹੋਰ ਕੋਈ ਬਦਲ ਨਹੀਂ। ਇਸ ਲਈ ਪਾਣੀ ਦੀ ਸੰਜਮ ਨਾਲ ਵਰਤੋਂ ਨੂੰ ਧਾਰਮਿਕ ਨਿਯਮ ਸਮਝ ਕੇ ਜੀਵਨ ਵਿੱਚ ਲਾਗੂ ਕਰਨ ਦੀ ਲੋੜ ਹੈ। ਪੰਜਾਬ ਅੰਦਰ ਇਨ੍ਹਾਂ ਦਿਨਾਂ ਵਿੱਚ ਝੋਨੇ ਦੀ ਫ਼ਸਲ ਲਈ ਵੱਡੀ ਪੱਧਰ 'ਤੇ ਧਰਤੀ ਵਿੱਚੋਂ ਪਾਣੀ ਕੱਢਿਆ ਜਾ ਰਿਹਾ ਹੈ, ਜਿਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਤੇ ਕਿਸਾਨਾਂ ਨੂੰ ਪਾਣੀ ਦੇ ਮਹੱਤਵ ਬਾਰੇ ਜਾਣਕਾਰੀ ਦੇਣ ਦੀ ਸਖ਼ਤ ਲੋੜ ਹੈ।

ਸਿਰਫ਼ ਇਨਸਾਨੀ ਜੀਵਨ ਜਿਊਣ ਲਈ ਹੀ ਨਹੀਂ, ਸਗੋਂ ਇਸ ਧਰਤੀ 'ਤੇ ਪੈਦਾ ਹੋਏ ਪਸ਼ੂ-ਪੰਛੀਆਂ, ਕੀੜੇ-ਮਕੌੜਿਆਂ, ਬਿਰਖ, ਬੂਟਿਆਂ ਅਤੇ ਫ਼ਸਲਾਂ ਆਦਿ ਲਈ ਵੀ ਪਾਣੀ ਕੁਦਰਤ ਵੱਲੋਂ ਬਖ਼ਸ਼ੀ ਗਈ ਅਮੁੱਲ ਦਾਤ ਹੈ। ਹੋਰ ਕੁਦਰਤੀ ਸੋਮਿਆਂ ਦੇ ਨਾਲ-ਨਾਲ ਗੁਰਮਤਿ ਦਰਸ਼ਨ ਵਿੱਚ ਵੀ ਪਾਣੀ ਨੂੰ ਵਿਸ਼ੇਸ਼ ਤੇ ਉੱਤਮ ਸਥਾਨ ਦਿੱਤਾ ਗਿਆ ਹੈ, ਜਿਵੇਂ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਪਾਣੀ ਦੀ ਅਜੋਕੀ ਸਥਿਤੀ ਦਾ ਮੁਲਾਂਕਣ ਕਰੀਏ ਤਾਂ ਪਤਾ ਲੱਗਦਾ ਹੈ ਕਿ 97.33 ਫ਼ੀਸਦੀ ਪਾਣੀ ਖਾਰੇ ਰੂਪ ਵਿੱਚ ਸਮੁੰਦਰਾਂ ਅੰਦਰ ਪਿਆ ਹੈ, 2.39 ਫ਼ੀਸਦੀ ਪਾਣੀ ਆਸਮਾਨ 'ਤੇ ਬੱਦਲਾਂ ਦੇ ਰੂਪ ਵਿੱਚ ਅਤੇ ਧਰਤੀ 'ਤੇ ਨਦੀਆਂ ਨਾਲਿਆਂ ਅਤੇ ਦਰਿਆਵਾਂ ਦੇ ਰੂਪ ਵਿੱਚ ਯਾਤਰਾ ਕਰ ਰਿਹਾ ਹੈ, ਜਾਂ ਫਿਰ ਗਲੇਸ਼ੀਅਰਾਂ ਦੇ ਰੂਪ ਵਿੱਚ ਪਹਾੜਾਂ 'ਤੇ ਪਿਆ ਹੈ। ਸਿਰਫ਼ 0.61 ਫ਼ੀਸਦੀ ਪਾਣੀ ਵਿਸ਼ਵ ਦੀਆਂ ਲੋੜਾਂ ਵਾਸਤੇ ਧਰਤੀ ਦੇ ਗਰਭ ਵਿੱਚ ਪਿਆ ਹੈ।

ਇਸ ਵੇਲੇ ਵਿਸ਼ਵ ਦੀ ਕੁੱਲ ਆਬਾਦੀ ਵਿੱਚ ਭਾਰਤ ਦਾ 18 ਫ਼ੀਸਦੀ ਹਿੱਸਾ ਹੈ ਤੇ ਵਿਸ਼ਵ ਦੇ ਪਾਣੀ ਦੇ ਭੰਡਾਰ ਵਿੱਚ ਭਾਰਤ ਦਾ ਮਹਿਜ਼ 4 ਫ਼ੀਸਦੀ ਹਿੱਸਾ ਹੈ। ਹੁਣ ਤੱਕ ਸਾਡੇ ਪ੍ਰਿਥਵੀ ਵਿਗਿਆਨੀ, ਮਾਹਿਰ ਤੇ ਵਿਚਾਰਵਾਨ ਵੱਡੀ ਮਾਤਰਾ ਵਿੱਚ ਧਰਤੀ ਹੇਠੋਂ ਪਾਣੀ ਕੱਢਣ ਨਾਲ ਪਾਣੀ ਦਾ ਭੰਡਾਰ ਘਟਣ ਜਾਂ ਖ਼ਤਮ ਹੋ ਜਾਣ ਦਾ ਹਿਸਾਬ-ਕਿਤਾਬ ਲਾ ਕੇ ਹੀ ਫ਼ਿਕਰਮੰਦ ਹਨ। ਭਾਵੇਂ ਇਹ ਫ਼ਿਕਰ ਸਹੀ ਤੇ ਸੱਚਾ ਵੀ ਹੈ ਤੇ ਉਹ ਚਾਹੁੰਦੇ ਨੇ ਕਿ ਲੋਕ ਸੰਜਮ ਨਾਲ ਪਾਣੀ ਦੀ ਵਰਤੋਂ ਕਰਨ, ਧਰਤੀ ਹੇਠੋਂ ਕੱਢੇ ਗਏ ਪਾਣੀ ਨੂੰ ਸਾਫ਼ ਕਰਕੇ ਮੁੜ ਧਰਤੀ ਵਿੱਚ ਰਚਾਉਣ ਤੇ ਮੀਂਹ ਦੇ ਪਾਣੀ ਨੂੰ ਵੱਧ ਤੋਂ ਵੱਧ ਡੈਮ ਬਣਾ ਕੇ ਰੋਕਣ ਦੀ ਲੋੜ 'ਤੇ ਵੀ ਉਹ ਜ਼ੋਰ ਦੇ ਰਹੇ ਹਨ ਅਤੇ ਅਜਿਹੇ ਕੰਮਾਂ ਲਈ ਕੀਮਤੀ ਸਲਾਹਾਂ ਦੇਣ ਦੇ ਨਾਲ-ਨਾਲ ਕੀਮਤੀ ਢੰਗ-ਤਰੀਕੇ ਵੀ ਦੱਸ ਰਹੇ ਹਨ। ਇਸ ਤੋਂ ਅੱਗੇ ਹੋਰ ਵੀ ਕਈ ਲੋੜਾਂ ਅਤੇ ਸਮੱਸਿਆਵਾਂ ਪਾਣੀ ਦੇ ਸੰਕਟ ਨਾਲ ਜੁੜੀਆਂ ਹੋਈਆਂ ਹਨ, ਜਿਨ੍ਹਾਂ ਵੱਲ ਮਾਹਿਰਾਂ ਤੇ ਜਾਗਰੂਕ ਵਿਚਾਰਵਾਨਾਂ ਦਾ ਅਜੇ ਧਿਆਨ ਨਹੀਂ ਗਿਆ। ਇਨ੍ਹਾਂ ਲੋੜਾਂ ਤੇ ਸਮੱਸਿਆਵਾਂ ਨੂੰ ਸਾਹਮਣੇ ਰੱਖ ਕੇ ਸਾਨੂੰ ਗੰਭੀਰਤਾ ਨਾਲ ਚਿੰਤਨ ਤੇ ਫ਼ਿਕਰ ਕਰਨ ਦੀ ਲੋੜ ਹੈ। ਧਰਤੀ 'ਤੇ ਜੀਵਨ ਦੀ ਜੋਤ ਨੂੰ ਨਿਰੰਤਰ ਜਗਦੀ ਰੱਖਣ ਵਾਸਤੇ ਕੁਦਰਤ ਨੇ ਧਰਤੀ ਦੇ ਹੇਠਾਂ ਵੀ ਤੇ ਉਪਰ ਆਸਮਾਨ 'ਚ ਵੀ ਇੱਕ ਕਲਿਆਣਕਾਰੀ ਪ੍ਰਬੰਧ ਸਥਾਪਿਤ ਕੀਤਾ ਹੋਇਆ ਹੈ। ਕੁਦਰਤ ਦੇ ਇਸ ਪ੍ਰਬੰਧ ਵਿੱਚ ਅਜੋਕੇ ਇਨਸਾਨ ਦੀ ਦਖ਼ਲਅੰਦਾਜ਼ੀ ਕਾਰਨ ਪਾਣੀ, ਭੂਮੀ ਤੇ ਹਵਾ ਲਈ ਅਨੇਕਾਂ ਨਵੇਂ ਸੰਕਟ ਉਤਪੰਨ ਹੋ ਰਹੇ ਹਨ। ਪਾਣੀ ਨੂੰ ਵੱਡੇ ਪੱਧਰ 'ਤੇ ਧਰਤੀ ਵਿੱਚੋਂ ਬਾਹਰ ਕੱਢਣ ਨਾਲ ਧਰਤੀ ਦੇ ਗਰਭ ਵਿੱਚ ਉਤਪੰਨ ਹੋ ਰਹੇ ਖਲਾਅ ਨੂੰ ਭਰਨ ਵਾਸਤੇ ਦੂਰ-ਦੁਰਾਡੇ ਤੋਂ ਉੱਚੇ ਪਾਸਿਆਂ ਤੋਂ ਪਾਣੀਆਂ ਦੀ ਮਾਈਗ੍ਰੇਸ਼ਨ ਹੋਵੇਗੀ ਤੇ ਇਹ ਪਾਣੀ ਆਪਣੇ ਨਾਲ ਕਈ ਤਰ੍ਹਾਂ ਦੇ ਔਗੁਣ, ਜ਼ਹਿਰੀਲੇ ਤੱਤ ਤੇ ਜ਼ਹਿਰਾਂ ਲੈ ਕੇ ਆਉਣਗੇ। ਇਨ੍ਹਾਂ ਤੱਤਾਂ ਨਾਲ ਪੰਛੀਆਂ, ਜੀਵ-ਜੰਤੂਆਂ, ਬਿਰਖ-ਬੂਟਿਆਂ ਤੇ ਇਨਸਾਨਾਂ ਲਈ ਨਵੇਂ ਸੰਕਟ ਉਤਪੰਨ ਹੋਣਗੇ। ਮਾਲਵਾ ਪੱਟੀ ਵਿੱਚ ਵੱਡੇ ਪੱਧਰ 'ਤੇ ਲੋਕਾਂ ਅੰਦਰ ਕੈਂਸਰ ਫੈਲਣ ਦਾ ਕਾਰਨ ਹੁਣ ਤੱਕ ਨਰਮੇ 'ਤੇ ਜ਼ਹਿਰਾਂ ਦੇ ਸਪਰੇਅ ਨੂੰ ਮੰਨਿਆ ਗਿਆ ਹੈ, ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਰੋਗ ਤੋਂ ਪ੍ਰਭਾਵਿਤ ਇਲਾਕਿਆਂ ਦੇ ਪਾਣੀ ਦੀ ਪਰਖ ਕੀਤੀ ਗਈ ਤਾਂ ਪਤਾ ਲੱਗਿਆ ਕਿ ਰਾਜਸਥਾਨ ਤੋਂ ਪਾਣੀ ਵਿੱਚ ਆਉਣ ਵਾਲੇ ਯੂਰੇਨੀਅਮ ਕਰਕੇ ਅਤੇ ਇਹ ਪਾਣੀ ਪੀਣ ਕਰਕੇ ਮਾਲਵੇ ਦੇ ਲੋਕਾਂ ਵਿੱਚ ਕੈਂਸਰ ਦੀ ਬਿਮਾਰੀ ਵਧੀ ਹੈ। ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਲੰਮੇ ਸਮੇਂ ਤੋਂ ਪੁਲਾੜ ਵਿੱਚ ਖੋਜਾਂ ਨਾਲ ਜੁੜੀ ਹੋਈ ਹੈ ਪਰ ਕੁਝ ਸਮੇਂ ਤੋਂ ਇਸ ਏਜੰਸੀ ਨੇ ਧਰਤੀ ਅੰਦਰ ਕੁਦਰਤ ਦੇ ਪ੍ਰਬੰਧ ਤੇ ਗਤੀਵਿਧੀਆਂ ਨੂੰ ਵੀ ਆਪਣੀਆਂ ਖੋਜਾਂ ਹੇਠ ਲਿਆਂਦਾ ਹੈ। ਸਾਲ 2018 ਵਿੱਚ ਦੇਹਰਾਦੂਨ ਤੋਂ ਪ੍ਰਕਾਸ਼ਿਤ ਹੋਈ ਨਾਸਾ ਦੀ ਰਿਪੋਰਟ ਤੋਂ ਸਾਹਮਣੇ ਆਇਆ ਹੈ ਕਿ ਧਰਤੀ ਹੇਠ ਜੋ ਨੀਵੇਂ ਪਾਸਿਆਂ ਨੂੰ ਪਾਣੀਆਂ ਦੀ ਮਾਈਗ੍ਰੇਸ਼ਨ ਹੋ ਰਹੀ ਹੈ ਉਸ ਨਾਲ ਪਾਣੀ ਆਪਣੇ ਨਾਲ ਰੇਤਾ ਤੇ ਮਿੱਟੀ ਨੂੰ ਵੀ ਨੀਵੇਂ ਪਾਸਿਆਂ ਵੱਲ ਲਿਜਾ ਰਹੇ ਹਨ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਚੰਡੀਗੜ੍ਹ ਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਅਤੇ ਦਿੱਲੀ, ਨੋਇਡਾ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਪਾਣੀ ਦੇ ਨਾਲ ਰੇਤਾ ਤੇ ਮਿੱਟੀ ਨਿਕਲਣ ਨਾਲ ਹਰ ਸਾਲ ਧਰਤੀ ਵਿੱਚ ਪੰਜ ਸੈਂਟੀਮੀਟਰ ਤੱਕ ਖਲਾਅ ਉਤਪੰਨ ਹੋ ਰਿਹਾ ਹੈ। ਕੁਝ ਸਾਲਾਂ ਤੱਕ ਇਹ ਖਲਾਅ ਵਧਣ ਨਾਲ ਉੱਚੀਆਂ ਅਤੇ ਸ਼ਾਨਦਾਰ ਇਮਾਰਤਾਂ ਧਰਤੀ ਵਿੱਚ ਗਰਕ ਸਕਦੀਆਂ ਹਨ। ਕੁਦਰਤ ਵੱਲੋਂ ਸਥਾਪਿਤ ਕੀਤਾ ਗਿਆ ਮੌਸਮ ਦਾ ਪ੍ਰਬੰਧ ਵੱਡੇ ਪੱਧਰ 'ਤੇ ਖਿਲਰਨਾ ਸ਼ੁਰੂ ਹੋ ਗਿਆ ਹੈ। ਇੱਟਾਂ ਦੇ ਭੱਠਿਆਂ, ਮਿੱਲਾਂ, ਕਾਰਖਾਨਿਆਂ, ਗੱਡੀਆਂ ਦੇ ਧੂੰਏਂ, ਐਟਮੀ ਕਚਰੇ ਤੇ ਏਸੀ ਅਤੇ ਫਰਿੱਜਾਂ ਵਿੱਚੋਂ ਨਿਕਲਦੀਆਂ ਕਾਰਬਨ ਡਾਇਆਕਸਾਈਡ ਤੇ ਸੀਐੱਫਸੀ ਵਰਗੀਆਂ ਮਾਰੂ ਗੈਸਾਂ, ਬੇਲੋੜੇ ਪਸ਼ੂਆਂ ਦੇ ਅੰਦਰੋਂ ਵੱਖ-ਵੱਖ ਅੰਗਾਂ ਰਾਹੀਂ ਨਿਕਲਣ ਵਾਲੀ ਹਵਾ ਵਿੱਚ ਰਲੀ ਮੀਥੇਨ ਗੈਸ ਅਤੇ ਖੇਤੀ ਵਿੱਚ ਰਹਿੰਦ-ਖੂੰਹ ਨੂੰ ਲਾਈ ਅੱਗ ਦੇ ਧੂੰਏਂ ਰਾਹੀਂ ਤੇਜ਼ਾਬ, ਏਅਰੋਸੋਲ ਤੇ ਕਾਰਬਨ ਆਸਮਾਨ 'ਚ ਜਾ ਕੇ ਗ੍ਰੀਨ ਹਾਊਸ ਪ੍ਰਭਾਵ ਦੇ ਰੂਪ ਵਿੱਚ ਸਦੀਆਂ ਤੱਕ ਲਈ ਸਥਿਰ ਹੋ ਜਾਂਦੇ ਹਨ। ਗ੍ਰੀਨ ਹਾਊਸ ਪ੍ਰਭਾਵ ਦੀ ਪਰਤ ਵਿੱਚੋਂ ਲੰਘ ਕੇ ਸੂਰਜ ਦੀਆਂ ਪਰਾਬੈਂਗਣੀ ਤੇ ਮਾਰੂ ਕਿਰਨਾਂ ਨਾਲ ਧਰਤੀ 'ਤੇ ਮਾਰੂ ਗਰਮੀ ਦਾ ਤੇਜ਼ੀ ਨਾਲ ਭੰਡਾਰਨ ਹੋ ਰਿਹਾ ਹੈ।

### ਤੀਜੇ ਘੱਲੂਘਾਰੇ ਦੀ ਯਾਦ ਨੂੰ ਸਮਰਪਿਤ

# ਤੁਝੇ ਯਾਦ ਹੋ ਕੇ ਨਾ ਯਾਦ ਹੋ, ਮੁਝੇ ਯਾਦ ਹੈ ਵੋ ਦਰਦ ਭਰੀ ਦਾਸਤਾਂ

ਜਿਉਂ ਹੀ ਤੀਜੇ ਘੱਲੂਘਾਰੇ ਦਾ ਸਾਕਾ ਨੇੜੇ-ਨੇੜੇ ਆਉਂਦਾ ਹੈ, ਤਿਉਂ-ਤਿਉਂ ਇਕ ਅਨਮੋਲ ਹੀਰਾ ਸਾਡੀਆਂ ਯਾਦਾਂ ਵਿਚ ਉਤਰ ਆਉਂਦਾ ਹੈ, ਜੋ ਸਾਡੇ ਦਿਲਾਂ ਤੇ ਦਿਮਾਗਾਂ 'ਤੇ ਤੇਜ਼ ਰੌਸ਼ਨੀ ਸੁੱਟ ਕੇ ਅਲੋਪ ਹੋ ਗਿਆ ਸੀ, ਜੋ ਚੌਦਵੀਂ ਦੇ ਚੰਦ ਵਾਂਗ ਪੰਜਾਬ ਦੇ ਅਸਮਾਨ 'ਤੇ ਚਮਕਿਆ ਸੀ ਅੱਜ ਦੇ ਗੱਭਰੂਆਂ ਨੂੰ ਸ਼ਾਇਦ ਇਹ ਪੂਰਾ ਇਲਮ ਨਹੀਂ ਕਿ ਸੰਤ ਜਰਨੈਲ ਸਿੰਘ ਕੌਣ ਸਨ? ਉਸ ਦੌਰ ਦੇ ਰਾਜਸੀ ਅਤੇ ਧਾਰਮਿਕ ਰਹਿਬਰਾਂ ਨੂੰ ਵੀ ਬਸ ਇੱਥੋਂ ਤੱਕ ਹੀ ਪਤਾ ਸੀ ਕਿ ਕੋਈ ਇਨਸਾਨ ਨਿਰਭਉ ਅਤੇ ਨਿਰਵੈਰ ਹੋ ਕੇ ਸਿੱਖ ਕੌਮ ਨਾਲ ਹੋਈਆਂ ਅਤੇ ਹੋ ਰਹੀਆਂ ਬੇਇਨਸਾਫ਼ੀਆਂ ਅਤੇ ਧੱਕਿਆਂ ਵਿਰੁੱਧ ਬੁਲੰਦ ਆਵਾਜ਼ ਵਿਚ ਕੌਮ ਦੀ ਗੱਲ ਹੀ ਨਹੀਂ ਕਰਦਾ, ਸਗੋਂ ਧੱਕਾ ਕਰਨ ਵਾਲਿਆਂ ਨੂੰ ਸਿੱਖ ਰਵਾਇਤਾਂ ਮੁਤਾਬਕ ਸਬਕ ਵੀ ਸਿਖਾਉਂਦਾ ਹੈ। ਅਜਿਹੇ ਲੋਕਾਂ ਦੀ ਵੀ ਕਮੀ ਨਹੀਂ ਸੀ, ਜੋ ਇਹੋ ਜਿਹੇ ਵਰਤਾਰੇ ਵਿਚੋਂ ਆਪੋ-ਆਪਣੀਆਂ ਰਾਜਨੀਤਕ ਰੋਟੀਆਂ ਸੇਕਣ ਲਈ ਬੜੇ ਉਤਾਵਲੇ ਹੁੰਦੇ ਸਨ ਤੇ ਲੋੜ ਅਨੁਸਾਰ ਇਸ ਹਸਤੀ ਦੇ ਨੇੜੇ-ਨੇੜੇ ਹੋਣ ਦਾ ਯਤਨ ਕਰਦੇ ਸਨ। ਪਰ ਇਹ ਭੇਤ ਵਿਰਲਿਆਂ 'ਚੋਂ ਵਿਰਲਿਆਂ ਨੂੰ ਪਤਾ ਸੀ ਕਿ ਇਹ ਮਹਾਨ ਹਸਤੀ ਇਤਿਹਾਸ ਦੇ ਮੂੰਹ ਦੂਜੇ ਪਾਸੇ ਘੁਮਾਉਣ ਲਈ ਹੀ ਪੰਜਾਬ ਦੀ ਸਰਜ਼ਮੀਨ 'ਤੇ ਉਤਰੀ ਹੈ।

ਦੂਰ ਤੱਕ ਵੇਖਣ ਵਾਲੀਆਂ ਨਿਗਾਹਾਂ ਨੂੰ ਹੀ ਪਤਾ ਸੀ ਕਿ ਉਸ ਦੇ ਤੁਰ ਜਾਣ ਪਿੱਛੋਂ ਇਤਿਹਾਸ ਇਕ ਨਵਾਂ ਮੋੜ ਕੱਟੇਗਾ, ਜਿਸ ਨੂੰ ਰਾਜਨੀਤਕ ਵਿਗਿਆਨ ਦੇ ਮੁਹਾਵਰੇ ਵਿਚ ਪੈਰਾਡਾਈਮ-ਸ਼ਿਫਟ ਕਹਿੰਦੇ ਹਨ। ਦੂਜੇ ਸ਼ਬਦਾਂ ਵਿਚ ਇਤਿਹਾਸ ਦੀ ਨਵੀਂ ਕਾਲ-ਵੰਡ ਹੋਵੇਗੀ ਜਿਸ ਵਿਚ ਸਿੱਖ ਇਤਿਹਾਸ ਨੂੰ ਨਵੇਂ ਅੰਦਾਜ਼ ਵਿਚ ਪੇਸ਼ ਕੀਤਾ ਜਾਵੇਗਾ, ਨਵੀਂ ਸ਼ਕਲ ਵਿਚ ਪ੍ਰਭਾਸ਼ਿਤ ਕੀਤਾ ਜਾਵੇਗਾ। ਤੇ ਹੋਇਆ ਵੀ ਕੁਝ ਇਸ ਤਰ੍ਹਾਂ ਹੀ। ਵਿਦਵਾਨਾਂ ਲਈ ਇਹ ਖੋਜ ਦਾ ਵਿਸ਼ਾ ਬਣ ਗਿਆ ਕਿ ਸੰਤ ਜਰਨੈਲ ਸਿੰਘ ਤੋਂ ਪਹਿਲਾਂ ਸਿੱਖਾਂ ਦੀ ਰਾਜਨੀਤਕ ਅਤੇ ਧਾਰਮਿਕ ਤਰਜ਼-ਏ-ਜ਼ਿੰਦਗੀ ਦੇ ਰੰਗ-ਢੰਗ ਅਤੇ ਲੱਛਣ ਕਿਹੋ ਜਿਹੇ ਸਨ ਅਤੇ ਸੰਤ ਜਰਨੈਲ ਸਿੰਘ ਦੇ ਵਿਛੜਨ ਤੋਂ ਪਿੱਛੋਂ ਉਹ ਕਿਹੜੀਆਂ ਵੱਡੀਆਂ ਤਬਦੀਲੀਆਂ ਆਈਆਂ, ਜਿਸ ਨੇ ਨਾ ਕੇਵਲ ਸਿੱਖ ਇਤਿਹਾਸ ਨੂੰ ਹੀ ਸਗੋਂ ਭਾਰਤ ਦੇ ਰਾਜਨੀਤਕ ਤਾਣੇ-ਬਾਣੇ ਨੂੰ ਸਿਰ ਤੋਂ ਪੈਰਾਂ ਤੱਕ ਹਿਲਾ ਦਿੱਤਾ ਉਸ ਦੇ ਜਾਣ ਪਿੱਛੋਂ ਮੜਕ ਨਾਲ ਜਿਊਣ ਵਾਲੇ ਗੱਭਰੂਆਂ ਦੀ ਜ਼ਿੰਦਗੀ ਫਿਰ ਉਹ ਨਹੀਂ ਸੀ ਰਹੀ ਜੋ ਪਹਿਲਾਂ ਵਾਲੀ ਸੀ। ਸੈਂਕੜੇ ਨੌਜਵਾਨ ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਪੜ੍ਹਾਈਆਂ ਵਿਚੇ ਹੀ ਛੱਡ ਕੇ ਉਸ ਧਰਮਯੁੱਧ ਵਿਚ ਸ਼ਾਮਲ ਹੋ ਗਏ ਜਿਸ ਨੂੰ ਬਾਅਦ ਵਿਚ ਖਾਲਿਸਤਾਨ ਦਾ ਨਾਂ ਦਿੱਤਾ ਗਿਆ।

ਸੰਤ ਜਰਨੈਲ ਸਿੰਘ ਨੇ ਜਿਸ ਪਾਸੇ ਵੀ ਨਜ਼ਰ ਭਰ ਕੇ ਵੇਖਿਆ, ਖਾਲਸਾ ਪੰਥ ਦੇ ਜਿਸ ਹਿੱਸੇ ਨੂੰ ਵੀ ਆਵਾਜ਼ ਮਾਰੀ ਉਹ ਵਹੀਰਾਂ ਘੱਤ ਕੇ ਦਰਬਾਰ ਸਾਹਿਬ ਵੱਲ ਹੋ ਤੁਰੇ। ਜੇ ਉਸ ਨੇ ਕਲਮਾਂ ਵਾਲਿਆਂ ਨੂੰ ਹੋਕਾ ਦਿੱਤਾ ਤਾਂ ਦਾਨਿਸ਼ਵਰਾਂ ਨੂੰ ਇਉਂ ਮਹਿਸੂਸ ਹੋਇਆ ਕਿ ਇਸ ਅਨੋਖੇ ਫ਼ਕੀਰ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ ਜਿਸ ਨੇ ਹੋਸ਼ ਨੂੰ ਜੋਸ਼ ਦਾ ਰੰਗ ਦੇ ਦਿੱਤਾ ਹੈ, ਜਿਸ ਨੇ ਕਹਿਣੀ ਤੇ ਕਰਨੀ ਦੇ ਸਾਰੇ ਫ਼ਾਸਲੇ ਮਿਟਾ ਦਿੱਤੇ ਹਨ ਅਤੇ ਜੋ ਪੁਰਾਤਨ ਇਤਿਹਾਸ ਨੂੰ ਨਵੇਂ ਮੁਹਾਵਰੇ 'ਚ ਪੇਸ਼ ਕਰ ਰਿਹਾ ਹੈ। ਜੇ ਉਸ ਨੇ ਫੌਜੀਆਂ ਨੂੰ ਵੀ ਸੱਦਾ ਦਿੱਤਾ ਤਾਂ ਉਨ੍ਹਾਂ ਨੂੰ ਵੀ ਕੁਝ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਨ੍ਹਾਂ ਨੂੰ ਬੜੇ ਲੰਮੇ ਅਰਸੇ ਤੋਂ ਕੋਈ "ਆਪਣਾ ਜਰਨੈਲ ਮਿਲਿਆ ਹੈ ਜਿਸ ਦੀ ਰਹਿਨੁਮਾਈ ਹੇਠ ਲੜਨ ਲਈ ਉਨ੍ਹਾਂ ਨੂੰ ਖਾਲਸਾ ਰਾਜ ਦੀ ਮੰਜ਼ਿਲ ਦੇ ਇਸ਼ਾਰੇ ਮਿਲਣਗੇ। ਉਨ੍ਹਾਂ ਨੂੰ ਇਹ ਵੀ ਮਹਿਸੂਸ ਹੋਇਆ ਜਿਵੇਂ ਕਿਸੇ ਸ਼ਾਮ ਸਿੰਘ ਅਟਾਰੀਵਾਲੇ ਨੇ ਜਾਂ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਨੂੰ ਆਵਾਜ਼ ਮਾਰੀ ਹੈ ਤਾਂ ਜੋ ਖਾਲਸਾ ਪੰਥ ਦੇ ਖੁੱਸੇ ਰਾਜ ਨੂੰ ਮੁੜ ਬਹਾਲ ਕੀਤਾ ਜਾ ਸਕੇ।

**ਕਹਿਣੀ ਤੇ ਕਰਨੀ ਦਾ ਸੁਮੇਲ**

ਉਸ ਵਿਚ ਕਹਿਣੀ ਤੇ ਕਰਨੀ ਦਾ ਵੱਡਾ ਸੁਮੇਲ ਸੀ। ਪਿਛਲੀ ਸਦੀ ਵਿਚ ਓੜਕਾਂ ਦਾ ਪਿਆਰ ਹਾਸਲ ਕਰਨ ਵਿਚ ਜੇ ਕੋਈ ਵਿਅਕਤੀ ਕਾਮਯਾਬ ਹੋਇਆ ਤਾਂ ਇਹ ਮਾਣ ਸੰਤ ਜਰਨੈਲ ਸਿੰਘ ਨੂੰ ਹੀ ਮਿਲ ਸਕਿਆ ਸੀ ਉਸ ਤੋਂ ਪਿਛਲੀ ਸਦੀ ਵਿਚ ਇਹ ਪਿਆਰ ਮਹਾਰਾਜਾ ਰਣਜੀਤ ਸਿੰਘ ਨੂੰ ਹਾਸਲ ਹੋਇਆ ਸੀ। ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਸਮੇਂ ਜਦੋਂ ਗੁਜਰਾਤ ਦੀ ਲੜਾਈ ਵਿਚ ਸਿੱਖ ਫੌਜੀਆਂ ਨੇ ਅੰਗਰੇਜ਼ਾਂ ਅੱਗੇ ਹਥਿਆਰ ਸੁੱਟੇ ਤਾਂ ਹਥਿਆਰ ਸੁੱਟਣ ਵਾਲਿਆਂ ਵਿਚੋਂ ਆਖਰੀ ਫੌਜੀ ਨੇ ਅੱਖਾਂ ਵਿਚ ਹੰਝੂ ਲਿਆ ਕੇ ਇਹ ਸ਼ਬਦ ਆਖੇ : ਰਣਜੀਤ (ਮਹਾਰਾਜਾ ਰਣਜੀਤ ਸਿੰਘ) ਅੱਜ ਮਰਿਆ ਹੈ। ਅਸਲ ਵਿਚ ਇਹ ਉਹ ਉਦਾਸ ਪਲ ਸਨ ਜਦੋਂ ਰਣਜੀਤ-ਪਿਆਰ ਤੇ ਖਾਲਸਾ-ਪਿਆਰ ਇਕ ਹੋ ਕੇ ਉਸ ਸਿੱਖ ਫੌਜੀ ਦੀ ਹੂਕ ਵਿਚ ਉਤਰ ਆਏ ਸਨ। ਇਉਂ ਹੀ ਇਕ ਦੌਰ ਅਜਿਹਾ ਵੀ ਸੀ ਜਦੋਂ ਸਿੱਖ ਅਤੇ ਸੰਤ ਜਰਨੈਲ ਸਿੰਘ ਦਾ ਅੰਤਰੀਵ ਦਰਦ ਇਕ-ਮਿਕ ਹੋ ਗਿਆ ਸੀ।

ਸੰਤ ਜਰਨੈਲ ਸਿੰਘ ਕੋਈ ਹਿਸਾਬ-ਕਿਤਾਬ ਲਾਉਣ ਵਾਲਾ ਤੇ ਲਾਭ-ਹਾਨ ਦੀਆਂ ਗਿਣਤੀਆਂ-ਮਿਣਤੀਆਂ ਵਿਚ ਪੈਣ ਵਾਲਾ ਚਲਾਕ ਸਿਆਸਤਦਾਨ ਨਹੀਂ ਸੀ। ਉਸ ਦੀ ਧਾਰਮਿਕ ਸ਼ਖ਼ਸੀਅਤ ਦਾ ਰਾਜਨੀਤਕ ਪੱਖ ਅਜੇ ਰੌਸ਼ਨ ਕੀਤਾ ਜਾਣਾ ਹੈ ਉਹ ਚਾਹੁੰਦਾ ਤਾਂ ਕਿਸੇ ਸਸਤੀ ਸ਼ੋਹਰਤ ਲਈ ਜਾਂ ਕਿਸੇ ਪਦਵੀ ਲਈ ਸਿੱਖ ਸੰਘਰਸ਼ ਨੂੰ ਲਟਕਾ ਸਕਦਾ ਸੀ। ਪਰ ਉਹ ਯੂਨਾਨੀ ਦੁਖਾਂਤ ਦੇ ਨਾਇਕ ਵਾਂਗ ਸਭ ਕੁਝ ਜਾਣਦਾ ਹੋਇਆ ਸ਼ਹਾਦਤ ਦੀ ਮੰਜ਼ਿਲ ਵੱਲ ਤੇਜ਼ੀ ਨਾਲ ਵਧ ਰਿਹਾ ਸੀ। ਇੱਥੇ ਅਸੀਂ ਸਪੇਨ ਦੇ ਮਹਾਨ ਚਿੱਤਰਕਾਰ ਸਲਵਾਡੋਰ ਡਾਲੀ ਨੂੰ ਯਾਦ ਕਰਦੇ ਹਾਂ ਜੋ ਬੜੀ ਸੁੱਚੇ ਮਾਣ ਨਾਲ ਇਹ ਕਿਹਾ ਕਰਦਾ ਸੀ ਕਿ ਡਾਲੀ ਬਿਨਾਂ ਸਪੇਨ ਕਿਸ ਕੰਮ ਦਾ ਹੈ। ਖਾਲਸਾ ਪੰਥ ਨੇ ਉਹ ਸਮਾਂ ਵੀ ਵੇਖਿਆ ਜਦੋਂ ਲੋਕ ਆਖਿਆ ਕਰਦੇ ਸਨ ਸੰਤ ਜਰਨੈਲ ਸਿੰਘ ਬਿਨਾਂ ਜੀਵਨ ਕਾਹਦਾ ਹੈ। ਸੰਤ ਜਰਨੈਲ ਸਿੰਘ ਤੇ ਖਾਲਸਾ ਪੰਥ ਨੇ ਜਿਵੇਂ ਇਕ ਦੂਜੇ ਨੂੰ ਇਸ਼ਕ ਕੀਤਾ, ਉਸ ਦੀ ਉਚੀ ਪੱਧਰ ਦੀ ਉਦਾਸ ਸ਼ਾਇਰੀ ਇਕ ਦਿਨ ਅਸੀਂ ਜ਼ਰੂਰ ਸੁਣਾਂਗੇ। ਪਰ ਆਤਮਿਕ ਤੌਰ 'ਤੇ ਸੁੱਕੇ ਅਤੇ ਰੁੱਖੀ ਕਿਸਮ ਦੀ ਨਾਸ਼ੁਕਰੇ ਆਲੋਚਕਾਂ ਨੂੰ ਇਸ ਮਹਾਂਬਲੀ ਦੀ ਮਹਾਨਤਾ ਅਤੇ ਮਹੱਤਤਾ ਤੋਂ ਮੁਨਕਰ ਹੋਣ ਦਾ ਹੱਕ ਹੋ ਸਕਦਾ ਹੈ ਪਰ ਉਨ੍ਹਾਂ ਦੀ ਬੇਵਫ਼ਾਈ ਦੇ ਗੀਤ ਵੀ ਸਾਡੇ ਨਾਲ-ਨਾਲ ਰਹਿਣਗੇ।

**ਇਤਿਹਾਸਕ ਲੋੜ**

ਸਿੰਘ ਆਦਰਸ਼ ਵਾਲੇ ਇਸ ਮਹਾਨ ਵਿਅਕਤੀ 'ਤੇ ਇਹ ਇਲਜ਼ਾਮ ਲਾਉਣਾ ਵੀ ਮਾਨਸਿਕ ਗਰੀਬੀ ਦੀ ਸ਼ਿਕਾਰ ਹੋਣਾ ਹੈ ਕਿ ਉਸ ਨੇ ਇਕ ਭੋਲੀ ਭਾਲੀ ਕੌਮ ਦੇ ਮਾਸੂਮ ਜਜ਼ਬਿਆਂ ਨੂੰ ਭੜਕਾ ਕੇ ਗੁੰਮਰਾਹ ਕੀਤਾ। ਜੇ ਫਿਰ ਇਉਂ ਹੀ ਕਹਿਣਾ ਹੈ ਤਾਂ ਵਿਦਵਾਨਾਂ ਨੂੰ ਇਹ ਆਖਣਾ ਚਾਹੀਦਾ ਹੈ ਕਿ ਉਸ ਨੇ ਭੜਕਾਹਟ ਦੀ ਉਹ ਵੰਨਗੀ ਪੈਦਾ ਕੀਤੀ, ਜਿਸ ਦੀ ਇਤਿਹਾਸਕ ਲੋੜ ਸੀ। ਅਜਿਹਾ ਕਰਦਿਆਂ ਉਹ ਸਿੱਖ ਇਤਿਹਾਸ ਵਿਚੋਂ ਹੀ ਆਪਣੀ ਕੌਮ ਨੂੰ ਮੁਖ਼ਾਤਿਬ ਹੋਇਆ। ਉਸ ਨੇ ਸਿੱਖ ਮਨਾਂ ਦੇ ਘਰਾਂ ਅੱਗੇ ਪਿਆਰ ਭਰੇ ਗੁੱਸੇ ਨਾਲ ਕੁਝ ਇਸ ਤਰ੍ਹਾਂ ਦੀ ਦਸਤਕ ਦਿੱਤੀ ਜਿਸ ਦੇ ਦਰਵਾਜ਼ੇ 200 ਵਰੇ ਤੋਂ ਬੰਦ ਪਏ ਸਨ। ਜਦੋਂ ਉਹ ਖੁੱਲ੍ਹੇ ਤਾਂ ਉਹ ਜਜ਼ਬਿਆਂ ਦਾ ਇਕ ਤੂਫ਼ਾਨ ਹੀ ਤਾਂ ਸੀ। ਕਈ ਵਾਰ ਕੌਮਾਂ ਦੇ ਮਨਾਂ ਵਿਚ ਇਹ ਅਲੋਕਾਰ ਦਸ਼ਾ ਵੀ ਵਾਪਰਦੀ ਹੈ ਕਿ ਅਮੋੜ ਜਜ਼ਬੇ ਲੰਮੀਆਂ ਤਾਣ ਕੇ ਸੌਂ ਜਾਂਦੇ ਹਨ। ਕਿਉਂ ਸੌਂ ਜਾਂਦੇ ਹਨ, ਇਸ ਦਾ ਕਿਸੇ ਇਤਿਹਾਸ, ਦਰਸ਼ਨ, ਸਮਾਜ ਵਿਗਿਆਨ ਜਾਂ ਤਰਕ ਸ਼ਾਸਤਰ ਕੋਲ ਕੋਈ ਸਿੱਧ ਪੱਧਰਾ ਜਵਾਬ ਨਹੀਂ ਹੁੰਦਾ। ਪਰ ਕੀ ਇਹ ਜਜ਼ਬਿਆਂ ਦਾ ਹੜ ਉਸ ਦੇ ਵਸ ਵਿਚ ਸੀ? ਨਿਰਭਉ ਤੇ ਨਿਰਵੈਰ ਦ੍ਰਿਸ਼ਟੀ ਰਾਹੀਂ ਇਹ ਜਵਾਬ ਦੇਣਾ ਬਣਦਾ ਹੈ ਕਿ ਇਹ ਹੜ ਉਸ ਦੇ ਵਸ ਵਿਚ ਸੀ ਵੀ ਤੇ ਕਿਸੇ ਹੱਦ ਤੱਕ ਨਹੀਂ ਵੀ ਸੀ। ਜਿੰਨਾ ਚਿਰ ਉਹ ਜੀਵਿਆ ਇਹ ਤੂਫ਼ਾਨ ਉਸ ਦੇ ਅਧੀਨ ਹੋ ਕੇ ਚੱਲਿਆ ਪਰ ਜਦੋਂ ਉਹ ਤੁਰ ਗਿਆ ਉਦੋਂ ਤੂਫ਼ਾਨੀ ਲਹਿਰ ਦਾ ਇਕ ਹਿੱਸਾ ਬੇਕਾਬੂ ਵੀ ਹੋ ਗਿਆ।

ਪਰ ਇਸ ਦਾ ਮਿਹਣਾ ਉਸ ਨੂੰ ਕਿਉਂ ਦਿੱਤਾ ਜਾਵੇ? ਆਖਿਰਕਾਰ ਉਹ ਇਨਸਾਨ ਹੀ ਸੀ। ਕੀ ਕੋਈ ਲਹਿਰ ਇਹ ਦਾਅਵਾ ਕਰ ਸਕਦੀ ਹੈ ਕਿ ਉਹ ਗਲਤੀਆਂ ਤੋਂ ਪੂਰੀ ਤਰ੍ਹਾਂ ਮੁਕਤ ਹੈ? ਇਕ ਪਲ ਰੁਕੋ ਅਤੇ ਆਪਣੇ ਦਿਮਾਗ ਅਤੇ ਦਿਲ 'ਤੇ ਭਾਰ ਪਾ ਕੇ ਕੁਝ ਕੌੜੀਆਂ ਹਕੀਕਤਾਂ ਦੇ ਸਾਹਮਣੇ ਹੋਵੋ। ਸੰਤ ਜਰਨੈਲ ਸਿੰਘ ਕੋਲ ਕਿਹੜਾ ਕੋਈ ਪੱਕਾ ਤੇ ਸਥਾਈ ਰਾਜਨੀਤਕ ਸਿਸਟਮ ਸੀ? ਕਿੰਨਾ ਕੁ ਵਕਤ ਸੀ ਉਸ ਕੋਲ ਕਿ ਉਸ ਸਾਰੇ ਸਿਲਸਿਲੇ ਨੂੰ ਇਕ ਤਰਤੀਬ ਵਿਚ ਬੰਨ ਲੈਂਦਾ? ਕਿੰਨੇ ਕੁ ਸਾਧਨ ਜਾਂ ਵਸੀਲੇ ਸਨ ਅਤੇ ਉਨ੍ਹਾਂ ਹਾਲਤਾਂ ਵੱਲ ਵੀ ਧਿਆਨ ਦਿਓ ਜਿਨ੍ਹਾਂ ਹਾਲਤਾਂ ਦਾ ਉਹ ਕੱਲਮ-ਕੱਲਾ ਹੀ ਸਾਹਮਣਾ ਕਰ ਰਿਹਾ ਸੀ। ਭਾਰਤ ਦੀ ਸੰਚਾਰ ਸਲਤਨਤ (ਅਖ਼ਬਾਰਾਂ, ਰਸਾਲੇ, ਰੇਡੀਓ, ਦੂਰਦਰਸ਼ਨ ਵਗੈਰਾ-ਵਗੈਰਾ) ਦਾ ਝੂਠ ਦਾ ਤੂਫ਼ਾਨ, ਭਾਰਤ ਦੀਆਂ ਵਿਰੋਧੀ ਰਾਜਸੀ ਪਾਰਟੀਆਂ ਦੀ ਸਿੱਖ ਲਹਿਰ ਪ੍ਰਤੀ ਧਾਰਨ ਕੀਤੀ ਸੁਰ ਵਿਚ ਦੁਸ਼ਮਣੀ ਅਤੇ ਵਿਰੋਧਤਾ ਦਾ ਤੂਫ਼ਾਨ ਅਤੇ ਉਹ ਤੂਫ਼ਾਨ ਵੀ ਨਾਲ ਹੀ ਜਿਸ ਨੂੰ ਉਨ੍ਹਾਂ ਲੋਕਾਂ ਵੱਲੋਂ ਸ਼ੁਰੂ ਕੀਤਾ ਗਿਆ ਸੀ, ਜਿਨ੍ਹਾਂ ਨੂੰ ਅਸੀਂ ਗਲਤੀ ਨਾਲ ਆਪਣੇ ਕਹਿ ਦਿੰਦੇ ਹਾਂ। ਫਿਰ ਵੀ ਜੇਕਰ ਇਨ੍ਹਾਂ ਵਿਰੋਧੀ ਹਾਲਤਾਂ ਤੇ ਸੀਮਤ ਸਾਧਨਾਂ ਵਿਚ ਉਹ ਖਾਲਸਾ ਪੰਥ ਦੀ ਲਹਿਰ ਨੂੰ ਜਿੱਥੇ ਪਹੁੰਚਾ ਗਿਆ ਉਹ 20ਵੀਂ ਸਦੀ ਦਾ ਸਭ ਤੋਂ ਵੱਡਾ ਚਮਤਕਾਰ ਸੀ।

**ਕਰਮਜੀਤ ਸਿੰਘ**
**ਮੋਬਾ : 99150-91063**


# ਘੱਲੂਘਾਰੇ ਤੋਂ ਲਿਆ ਜਾਣ ਵਾਲਾ ਸੰਕਲਪ...

ਇਤਿਹਾਸ ਦੀਆਂ ਉਹ ਘਟਨਾਵਾਂ ਜਿਹੜੀਆਂ ਸੀਨੇ ਤੇ ਸਦੀਵੀ ਫੱਟ ਛੱਡ ਜਾਂਦੀਆਂ ਹਨ ਅਤੇ ਕੌਮ ਲਈ ਹਲੂਣਾ, ਸਾਬਤ ਹੁੰਦੀਆਂ ਹਨ, ਉਹ ਭੁੱਲਣਯੋਗ ਨਹੀਂ ਹੁੰਦੀਆਂ। ਸਾਕਾ ਨੀਲਾ ਤਾਰਾ ਵੀ ਸਿੱਖ ਇਤਿਹਾਸ ਦੀ ਅਜਿਹੀ ਘਟਨਾ ਹੈ ਅਤੇ ਇਸ ਸਾਕੇ ਦੀ ਕੌਮ 33ਵੀਂ ਵਰੇ ਗੰਢ ਮਨਾਉਣ ਜਾ ਰਹੀ ਹੈ, ਇਸ ਲਈ ਅਜਿਹੇ ਮੌਕੇ ਇਸ ਸਾਕੇ ਦੇ ਹਲੂਣੇ ਬਾਰੇ ਅਤੇ ਇਸ ਦਿਹਾੜੇ ਤੇ ਲਏ ਜਾਣ ਵਾਲੇ ਸੰਕਲਪ ਸਬੰਧੀ ਕੌਮ ਨੂੰ ਆਪਣੇ ਮਨਾਂ 'ਚ ਲੇਖਾ-ਜੋਖਾ ਜ਼ਰੂਰ ਕਰਨਾ ਚਾਹੀਦਾ ਹੈ। ਸਾਕਾ ਨੀਲਾ ਤਾਰਾ ਨੇ ਸਿੱਖ ਕੌਮ ਦੀ ਮਾਨਸਿਕਤਾ ਉੱਤੇ ਜੋ ਜ਼ਖ਼ਮ ਲਗਾਏ ਹਨ ਉਹ ਕਾਫੀ ਡੂੰਘੇ ਅਤੇ ਫੈਸਲਾਕੁੰਨ ਹਨ। ਸਿੱਖ ਕੌਮ ਨੂੰ ਕਦੇ ਉਹ ਜ਼ਖਮ ਭਰਨੇ ਨਹੀਂ ਚਾਹੀਦੇ ਕਿਉਂਕਿ ਕੌਮਾਂ ਦੇ ਇਤਿਹਾਸ ਵਿੱਚ ਕਈ ਜ਼ਖਮ ਸਿਰਜਣਾ ਦਾ ਸੋਮਾ ਹੋ ਨਿਬੜਦੇ ਹਨ। ਸਾਰੇ ਜ਼ਖਮ ਭਰ ਦੇਣ ਦੇ ਕਾਬਲ ਨਹੀਂ ਹੁੰਦੇ ਕਈ ਜ਼ਖਮ ਜੋ ਮਨੁੱਖ ਦੀ ਹੋਣੀ ਨੂੰ ਪ੍ਰਭਾਵਿਤ ਕਰਦੇ ਹਨ ਜੋ ਉਸ ਵਿਚ ਗੈਰਤਮੰਦ ਇਨਸਾਨ ਹੋਣ ਦਾ ਜਜ਼ਬਾ ਭਰਦੇ ਹਨ ਉਹ ਮਨੁੱਖੀ ਇਤਿਹਾਸ ਦੀ ਵਿਰਾਸਤ ਬਣ ਜਾਂਦੇ ਹਨ। ਜੂਨ 1984 ਦੇ ਜ਼ਖਮ ਵੀ ਸਿੱਖ ਪੰਥ ਦੀ ਵਿਰਾਸਤ ਹਨ। ਵੀਹਵੀਂ ਸਦੀ ਵਿੱਚ ਲੱਗੇ ਇਨ੍ਹਾਂ ਜ਼ਖਮਾਂ ਨੇ ਸਿੱਖਾਂ ਨੂੰ ਇਕ ਵੱਖਰੇ ਨਿਵਕੇਲੇ ਅਤੇ ਧਰਮ ਮਨੁੱਖ ਵਜੋਂ ਸੋਚਣ, ਸਮਝਣ ਅਤੇ ਮਹਿਸੂਸਣ ਦੀ ਸ਼ਕਤੀ ਬਖ਼ਸ਼ੀ ਸੀ। ਪਹਿਲੀ ਵਾਰ ਸਮੁੱਚੀ ਕੌਮ ਨੇ ਇਕ ਕੌਮ () ਵਜੋਂ ਸੋਚਿਆ ਅਤੇ ਮਹਿਸੂਸਿਆ ਸੀ। ਇਨ੍ਹਾਂ ਪੰਜ ਛੇ ਦਿਨਾਂ ਵਿੱਚ ਹੀ ਸਿੱਖ ਇਕ ਭਾਈਚਾਰੇ (3) ਤੋਂ ਕੌਮ () ਵਜੋਂ ਸੋਚਣ ਲੱਗ ਪਏ ਸਨ। ਇਸ ਅਹਿਸਾਸ ਨੂੰ ਹਰ ਕਿਸੇ ਨੇ ਆਪਣੇ ਬੌਧਿਕ ਪੱਧਰ ਅਨੁਸਾਰ ਮਹਿਸੂਸਿਆਂ ਅਤੇ ਸਮਝਿਆ। ਉਸ ਸਮਝ ਵਿੱਚੋਂ ਹਰ ਕਿਸੇ ਨੇ ਆਪੋ ਆਪਣੇ ਪ੍ਰਤੀਕਰਮ ਪ੍ਰਗਟ ਕੀਤੇ। ਜੇ ਖੁਸ਼ਵੰਤ ਸਿੰਘ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰਾਂ ਨੂੰ ਆਪਣਾ ਵਿਰੋਧ ਜਮਹੂਰੀ ਢੰਗ ਨਾਲ ਪ੍ਰਗਟ ਕੀਤਾ ਤਾਂ ਸਿੱਖ ਜਵਾਨੀ ਦਾ ਇਕ ਵੱਡਾ ਹਿੱਸਾ ਹਥਿਆਰਾਂ ਦੇ ਰਾਹ ਪੈ ਗਿਆ। ਬੇਸ਼ੱਕ ਉਸ ਸਾਕੇ ਦੇ ਪ੍ਰਤੀਕਰਮ ਸਭ ਨੇ ਆਪੋ ਆਪਣੇ ਢੰਗ ਨਾਲ ਕੀਤੇ ਪਰ ਇਸ ਕਾਂਡ ਵਿਰੁੱਧ ਮੂੰਹ ਖੋਲਣ ਵਾਲਿਆਂ ਵਿੱਚ ਇਕ ਗੱਲ ਸਾਂਝੀ ਸੀ ਕਿ ਉਨ੍ਹਾਂ ਸਿੱਖ ਕੌਮ () ਦੇ ਹਿੱਸਾ ਵਜੋਂ ਆਪੋ ਆਪਣੀ ਪ੍ਰਤੀਕਿਰਿਆ ਪ੍ਰਗਟ ਕੀਤੀ। ਕੌਮ ਘੱਲੂਘਾਰੇ ਦੀ 33ਵੀਂ ਵਰੇਗੰਢ ਮਨਾ ਰਹੀ ਹੈ। ਹਰ ਸਾਲ ਸਿੱਖ ਕੌਮ ਉਸ ਇਤਿਹਾਸਕ ਮੌਕੇ ਸ਼ਹੀਦੀਆਂ ਪਾ ਗਏ ਸਿੱਖਾਂ ਨੂੰ ਸਰਧਾਂਜਲੀਆਂ ਭੇਂਟ ਕਰਕੇ ਆਪਣੀ ਆਤਮਾ ਨੂੰ ਸੰਤੁਸ਼ਟ ਕਰ ਲੈਂਦੀ ਹੈ। ਪੰਥਕ ਧਿਰਾਂ ਵਿੱਚ ਵਾਰ ਵਾਰ ਇਹ ਵਿਚਾਰ ਉੱਠ ਰਿਹਾ ਹੈ ਕਿ ਹੁਣ ਕੀ ਕੀਤਾ ਜਾਵੇ? ਸਿੱਖਾਂ ਨੂੰ ਹੁਣ 33 ਸਾਲ ਬਾਅਦ ਕੀ ਕਰਨਾ ਚਾਹੀਦਾ ਹੈ? 33 ਸਾਲਾਂ ਦੇ ਇਤਿਹਾਸ ਨੇ ਸਿੱਖ ਕੌਮ ਨੂੰ ਫਿਰ ਇਕ ਉਹੋ ਜਿਹੇ ਚੌਰਾਹੇ ਉੱਤੇ ਲਿਆ ਖੜਾ ਕੀਤਾ ਹੈ ਜਿੱਥੋਂ ਸਿੱਖ ਕੌਮ ਤੁਰੀ ਸੀ। ਅੱਜ ਸਿੱਖ ਕੌਮ ਇਕ ਵਾਰ ਫਿਰ ਹਿੰਦੂ ਅਲਾਮਤਾਂ ਜਾਂ ਕਹਿ ਲ੍ਹ ਹਿੰਦੂ ਵਿਚਾਰਧਾਰਕ ਹਮਲੇ ਦਾ ਸ਼ਿਕਾਰ ਹੋ ਕੇ ਹਾਰੀ ਹੋਈ ਮਾਨਸਿਕਤਾ ਨਾਲ ਜੀਅ ਰਹੀ ਹੈ। ਸਿੱਖ ਸਮਾਜ ਅੱਜ ਸਮਾਜਕ ਅਤੇ ਵਿਚਾਰਧਾਰਕ ਤੌਰ ਤੇ ਜਿੰਨਾ ਗਰਕਣ ਵੱਲ ਵੱਧ ਰਿਹੈ ਏਨਾ ਸ਼ਾਇਦ ਪਹਿਲਾਂ ਕਦੇ ਵੀ ਨਾ ਗਰਕਿਆ ਹੋਵੇ। ਜਿਹੋ ਜਿਹੀਆਂ ਤਬਾਹਕੁੰਨ ਸਮਾਜੀ ਅਲਾਮਤਾਂ ਨੇ ਕੌਮ ਨੂੰ ਘੇਰ ਲਿਆ ਹੈ ਉਹ ਕੌਮ ਦੀ ਹੋਂਦ ਲਈ ਖਤਰਨਾਕ ਨਹੀਂ ਬਲਕਿ ਅਤਿ ਖਤਰਨਾਕ ਹਨ। ਸਿੱਖ ਕੌਮ ਸਮਾਜਕ ਤੌਰ ਤੇ ਅੱਜ ਮੋਹ ਪਿਆਰ ਅਤੇ ਭਾਈਚਾਰਕ ਸਾਂਝ ਦੀਆਂ ਸਾਰੀਆਂ ਹੱਦਾਂ ਤੋੜ ਕੇ ਜਿਵੇਂ ਭੋਗਵਾਦ ਦੀ ਕੁਲਹਿਣੀ ਖੱਡ ਵਿੱਚ ਡਿੱਗ ਰਹੀ ਹੈ, ਇਹ ਇਕ ਵੱਡੇ ਸੰਕਟ ਅਤੇ ਖਤਰਨਾਕ ਭਵਿੱਖ ਦੀਆਂ ਨਿਸ਼ਾਨੀਆਂ ਹਨ। ਕੌਮ ਦੀ ਰਾਜਸੀ ਲੀਡਰਸ਼ਿਪ ਨੇ ਵਿਕਾ੍ਹ ਲੋਕਾਂ ਦੀ ਜੋ ਵੱਡੀ ਭੀੜ ਖੜੀ ਕਰ ਦਿੱਤੀ ਹੈ ਉਹ ਸਿੱਖ ਸਿਧਾਂਤਾਂ, ਸਿੱਖ ਵਿਚਾਰਧਾਰਾ ਅਤੇ ਸਿੱਖ ਸ਼ਹੀਦਾਂ ਦੇ ਸੁਪਨਿਆਂ ਨੂੰ ਟਿੱਚਰਾਂ ਕਰਕੇ ਲੰਘ ਰਹੀ ਹੈ। ਧਰਮ, ਕੌਮ, ਇਤਿਹਾਸ, ਵਿਰਾਸਤ ਅਤੇ ਜ਼ਮੀਰ ਨੂੰ ਜਿਵੇਂ ਕੌਮ ਦੇ ਵੱਡੇ ਹਿੱਸੇ ਨੇ ਵਿਕਣ ਲਈ ਲਗਾ ਦਿੱਤਾ ਹੈ ਉਸ ਮਾਹੌਲ ਵਿੱਚ ਚੰਗਾ ਸੋਚਣ ਵਾਲਿਆਂ ਦੇ ਰਾਹ ਵਿੱਚ ਕੰਡਿਆਂ ਤੋਂ ਬਿਨਾਂ ਕੁਝ ਨਹੀਂ ਹੈ। ਪਰ ਏਨਾ ਕੁਝ ਤਬਾਹਕੁੰਨ ਵਾਪਰਨ ਦੇ ਬਾਵਜੂਦ ਵੀ ਕੁਝ ਚੰਗਾ ਸੋਚਣ ਵਾਲੇ ਮੁੱਠੀ ਭਰ ਲੋਕਾਂ ਲਈ ਹੌਸਲੇ ਢਾਹੁਣ ਦਾ ਸਮਾਂ ਨਹੀਂ ਹੈ। ਇਹ ਜਿਵੇਂ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਜੂਨ 1984 ਦੇ ਜ਼ਖ਼ਮ ਸਾਡੇ ਲਈ ਪ੍ਰੇਰਨਾ ਦਾ ਸੋਮਾ ਹਨ। ਇਹ ਸਾਡੀ ਬੇਸ਼ਕੀਮਤੀ ਵਿਰਾਸਤ ਹਨ। ਇਨ੍ਹਾਂ ਜ਼ਖ਼ਮਾਂ ਦੀ ਪੀੜ ਹੀ ਸਾਡਾ ਰਾਹ ਰੁਸ਼ਨਾ ਸਕਦੀ ਹੈ। ਸਿੱਖ ਕੌਮ ਅੱਜ ਜਿਸ ਕਿਸਮ ਦੀ ਮਾਨਸਿਕ ਗੁਲਾਮੀ ਭੋਗਦੀ ਹੋਈ ਲਗਭਗ ਜਿਵੇਂ'ਹਾਰ ਜਿਹੀ ਗਈ ਹੈ ਉਸਦਾ ਵੱਡਾ ਕਾਰਨ ਹੀ ਕੌਮ ਵੱਲੋਂ ਮੁੜ ਹਿੰਦੂ ਤਰਜ਼-ਜ਼ਿੰਦਗੀ ਨੂੰ ਗਲ ਨਾਲ ਲਾ ਲੈਣ ਦਾ ਹੈ। ਹਿੰਦੂ ਵਿਚਾਰਧਾਰਾ ਦਾ ਮਨੁੱਖੀ ਮਾਡਲ ਹੀ ਇਨਸਾਨ ਨੂੰ ਜਜ਼ਬੇ ਗੈਰਤ ਅਤੇ ਅਣਖ ਤੋਂ ਹੀਣਾ ਕਰਕੇ ਕੇਵਲ ਪੈਸੇ ਦੇ ਪੁੱਤ ਬਣਕੇ ਜਿ੍ਹਣੇ ਦੀ ਜਾਚ ਦੱਸਦਾ ਹੈ। ਇਹ ਦੂਰ ਬਹਿ ਕੇ ਸ਼ਕਤੀ ਦੀ ਪੂਜਾ ਕਰਨ ਦੀ ਹੀ ਗੱਲ ਕਰਦਾ ਹੈ ਜਦਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਤੇਜ ਧਾਰਕ ਖਾਲਸਾ ਪੰਥ' ਦੇ ਰੂਪ ਵਿੱਚ ਚਿਤਰਿਆ ਅਤੇ ਸਿਰਜਿਆ ਸੀ। ਪੰਥਕ ਧਿਰਾਂ ਸਾਹਮਣੇ ਇਹ ਪੂਰੀ ਕੌਮ ਦੀ ਤਰਜੇ ਜ਼ਿੰਦਗੀ ਨੂੰ ਤਬਦੀਲ ਕਰਨ ਦਾ ਵੱਡਾ ਕਾਰਜ ਹੈ ਜਿਸਦੀਆਂ ਅੱਗੇ ਹਜ਼ਾਰਾਂ ਵੰਨਗੀਆਂ ਹਨ। ਧਰਮ, ਰਾਜਨੀਤੀ, ਮੀਡੀਆ, ਬੱਚਿਆਂ ਦੀ ਮਾਨਸਿਕਤਾ ਨੌਜਵਾਨਾਂ ਦੀਆਂ ਰੁਚੀਆਂ ਉਨ੍ਹਾਂ ਦੀ ਪੜ੍ਹਾਈ ਦਾ ਮਾਡਲ ਅਤੇ ਮੂਲ ਰੂਪ ਵਿੱਚ ਵਿਕਾ੍ਹ ਜ਼ਮੀਰਾਂ ਦੇ ਮੁਕਾਬਲੇ, ਗੈਰਤਮੰਦ ਜ਼ਮੀਰਾਂ ਦਾ ਇਕ ਸੁੱਚਾ ਅਤੇ ਪਾਵਨ ਮਾਡਲ ਪੇਸ਼ ਕਰਨਾ ਪੰਥਕ ਧਿਰਾਂ ਦੀਆਂ ਜਿੰਮੇਵਾਰੀਆਂ ਹਨ। ਉਪਰੋਕਤ ਕੰਮ ਕੁਝ ਦਿਨਾਂ ਜਾਂ ਮਹੀਨਿਆਂ ਦੇ ਨਹੀਂ ਹਨ ਬਲਕਿ ਦਹਾਕਿਆਂ ਦੀ ਲੰਬੀ ਯੋਜਨਾਬੰਦੀ ਸਾਧਨ ਅਤੇ ਵੱਖ ਵੱਖ ਸੰਸਥਾਵਾਂ ਨੂੰ ਚਲਾਉਣ ਲਈ ਵਿਦਵਾਨਾਂ ਦੇ ਪੈਨਲ ਤਿਆਰ ਕਰਨੇ ਬਹੁਤ ਵੱਡੇ ਕਾਰਜ ਹਨ। ਰਾਜਨੀਤਿਕ ਖੇਤਰ ਵਿੱਚ ਸ਼ਹੀਦਾਂ ਦੇ ਸੁਪਨਿਆਂ ਦੇ ਅੰਗ ਸੰਗ ਰਹੀ ਈਮਾਨਦਾਰ ਅਤੇ ਵਿਚਾਰਵਾਨ ਲੀਡਰਸ਼ਿਪ ਦੇ ਘੱਟੋ ਘੱਟ ਤਿੰਨ ਪੂਰ ਪੈਦਾ ਕਰਨ ਦੀ ਚੁਣੌਤੀ ਵੀ ਪੰਥਕ ਧਿਰਾਂ ਦੇ ਸਾਹਮਣੇ ਦਰਪੇਸ਼ ਹੈ। ਸਿੱਖੀ ਦੇ ਪ੍ਰਚਾਰ ਦੇ ਨਾਂ ਤੇ ਕੌਮ ਨੂੰ ਹਿੰਦੂ ਧਾਰਾ ਵੱਲ ਧੱਕ ਰਹੇ ਸਾਧਾਂ ਦੀ ਦੁਕਾਨਦਾਰੀ ਬੰਦ ਕਰਵਾ ਕੇ ਸਿੱਖ ਧਰਮ ਦੀ ਨਵੀਂ ਅਤੇ ਨਿਵੇਕਲੀ ਵਿਚਾਰਧਾਰਕ ਪਰਿਭਾਸ਼ਾ ਕੌਮ ਨੂੰ ਦੇਣ ਦਾ ਕਾਰਜ ਵੀ ਸਾਡੇ ਸਾਹਮਣੇ ਦਰਪੇਸ਼ ਹੈ। ਰਹਿਤ ਮਰਯਾਦਾ ਦੇ ਨਾਂ ਤੇ ਲਗਾਈਆਂ ਗਈਆਂ ਅਣਮਨੁੱਖੀ ਪਾਬੰਦੀਆਂ ਬਾਰੇ ਵੀ ਨਵੀਂ ਵਿਚਾਰਧਾਰਕ ਪਹੁੰਚ ਅਪਨਾਉਣੀ ਪਵੇਗੀ, ਕੌਮਾਂਤਰੀ ਪੱਧਰ ਉੱਤੇ ਇਸ ਸਮੇਂ ਜੋ ਤੇਜ਼ ਤਬਦੀਲੀਆਂ ਵਾਪਰ ਰਹੀਆਂ ਹਨ ਉਨ੍ਹਾਂ ਦਾ ਗਹਿਰ ਗੰਭੀਰ ਅਧਿਐਨ ਕਰਕੇ ਉਸ ਸਬੰਧੀ ਸਿੱਖ ਕੌਮ ਦੀ ਨੀਤੀ ਅਤੇ ਸਿੱਖ ਹਿੱਤਾਂ ਅਨੁਸਾਰ ਉਨ੍ਹਾਂ ਦੀ ਪੇਸ਼ਕਾਰੀ ਕਰਨ ਦਾ ਕਾਰਜ ਵੀ ਕਾਫੀ ਜਿੰਮੇਵਾਰੀ ਦੀ ਮੰਗ ਕਰਦਾ ਹੈ। ਇਸ ਵੇਲੇ ਕੌਮਾਂਤਰੀ ਸਥਿਤੀਆਂ ਦੇ ਸਬੰਧ ਵਿੱਚ ਬਹੁਤੇ ਸਿੱਖ ਵਿਦਵਾਨ ਭਾਵੁਕਤਾ ਵਿੱਚੋਂ ਹੀ ਬਹੁਤੀਆਂ ਪੁਜੀਸ਼ਨਾਂ ਲੈ ਰਹੇ ਹਨ ਜੋ ਕੌਮਾਂਤਰੀ ਤੌਰ ਤੇ ਸਿੱਖ ਮਸਲੇ ਨੂੰ ਖਰਾਬ ਕਰਨ ਦਾ ਹੀ ਕਾਰਜ ਕਰ ਰਹੀਆਂ ਹਨ।

ਸਿੱਖਾਂ ਦੀ ਹੋਣੀ ਨਾਲ ਜੁੜੇ ਹੋਏ ਇਸ ਗੰਭੀਰ ਮਸਲੇ ਸਬੰਧੀ ਪੁਜੀਸ਼ਨਾਂ ਲੈਣ ਖਾਤਰ ਇਕ ਕੌਮਾਂਤਰੀ 'ਸਿੱਖ ਥਿੰਕ ਟੈਂਕ' ਉਸਾਰਨਾਂ ਪੰਥਕ ਲੀਡਰਸ਼ਿਪ ਦੀ ਅਹਿਮ ਜਿੰਮੇਵਾਰੀ ਹੈ। ਸਿੱਖ ਮੀਡੀਆ ਵੀ ਸਿੱਖਾਂ ਦੀਆਂ ਤਰਜੀਹਾਂ ਵਿੱਚ ਸ਼ਾਮਲ ਹੈ। ਹਿੰਦੂ ਵਿਚਾਰਧਾਰਕ ਹਮਲਾ ਜਿੰਨੇ ਵੀ ਪਾਸਿਆਂ ਤੋਂ ਸਿੱਖਾਂ ਉੱਤੇ ਆਪਣੀਆਂ ਗੋਲੀਆਂ ਦਾਗ ਰਿਹਾ ਹੈ ਉਨ੍ਹਾਂ ਸਾਰਿਆਂ ਮੋਰਚਿਆਂ ਉੱਤੇ ਗੈਰਤਮੰਦ ਅਤੇ ਚੇਤੰਨ ਸਿੱਖਾਂ ਨੂੰ ਆਪਣੀ ਲੜਾਈ ਦੇਣੀ ਪਵੇਗੀ। ਇਸ ਸਮੁੱਚੀ ਲੜਾਈ ਲਈ ਪ੍ਰੇਰਨਾ ਸਾਨੂੰ ਜੂਨ 1984 ਦਾ ਘੱਲੂਘਾਰਾ ਦੇ ਗਿਆ ਹੈ ਹੁਣ ਸਿਰਫ ਗੁਰੂ ਦੇ ਸੱਚੇ ਸਿੱਖ ਹੋਣ ਦੇ ਨਾਤੇ ਉਨ੍ਹਾਂ ਸ਼ਹੀਦਾਂ ਦੇ ਸੰਦੇਸ਼ ਨੂੰ ਕੰਨ ਲਾ ਕੇ ਸੁਣਨ ਅਤੇ ਉਸਨੂੰ ਵਿਚਾਰਧਾਰਕ ਤੌਰ ਤੇ ਅਮਲੀ ਜਾਮਾ ਪਹਿਨਾਉਣ ਦੀ ਲੋੜ ਹੈ।

# ਆਪ ਪਾਰਟੀ ਦੇ ਰਾਜ ਵਿੱਚ-ਪੰਜਾਬ ਦੀ ਸਥਿਤੀ ਵਿਸਫੋਟਿਕ ਕਿਉਂ ?

ਲੇਖਕ : ਦਰਬਾਰਾ ਸਿੰਘ ਕਾਹਲੋਂ



ਪੰਜਾਬ ਇਸ ਸਮੇਂ ਇੱਕ ਵੱਡੀ ਰਾਜਨੀਤਕ ਮੰਝਧਾਰ ਦਾ ਸ਼ਿਕਾਰ ਬਣਿਆ ਪਿਆ ਹੈ। ਰਾਜ ਸਰਕਾਰ ਅਤੇ ਰਾਜਨੀਤਕ ਲੀਡਰਸ਼ਿੱਪ ਅੰਦਰ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਕਰਕੇ ਨਾ ਸਿਰਫ ਰਾਜਨੀਤਕ ਬਲਕਿ ਪ੍ਰਸ਼ਾਸਨਿਕ, ਆਰਥਿਕ, ਸਮਾਜਿਕ, ਧਾਰਮਿਕ ਸਮੱਸਿਆਵਾਂ ਵਧਦੀਆਂ ਜਾ ਰਹੀਆਂ ਹਨ। ਪੰਜਾਬ ਰਾਜ ਅਤੇ ਦੇਸ਼-ਵਿਦੇਸ਼ ਵਿੱਚ ਬੈਠ ਜਾਗ੍ਰਿਤ ਲੋਕਾਂ ਦੇ ਹਿਰਦੇ ਬੁਰੀ ਤਰ੍ਹਾਂ ਚਿੰਤਾ ਗ੍ਰਸਤ ਹਨ। ਹਾਲਤ ਇਹ ਹੈ ਕਿ 'ਭੰਡਾ ਭੰਡਾਰੀਆਂ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ।' ਜਦੋਂ ਰਾਜ ਦਾ ਮੁੱਖ ਮੰਤਰੀ 5 ਮਹੀਨੇ ਮੰਤਰੀ ਮੰਡਲ ਦੀ ਮੀਟਿੰਗ ਹੀ ਨਾ ਬੁਲਾਵੇ ਤਾਂ ਰਾਜ ਦੇ ਵੱਖ-ਵੱਖ ਖੇਤਰਾਂ, ਵਿਭਾਗਾਂ, ਨੀਤੀਆਂ 'ਤੇ ਅਮਲ, ਵਿਕਾਸ ਕਾਰਜਾਂ, ਵੱਖ-ਵੱਖ ਜਨਤਕ ਵਰਗਾਂ, ਸਨਅਤਾਂ, ਅਮਨ-ਕਾਨੂੰਨ ਦੀ ਸਥਿਤੀ ਆਦਿ ਵਿੱਚ ਕੀ ਕੀ ਵਿਚਰ ਰਿਹਾ ਹੈ, ਦਾ ਕਿਵੇਂ ਪਤਾ ਚੱਲੇਗਾ ? ਅਜਿਹੀ ਸਥਿਤੀ ਵਿੱਚ ਕੇਂਦਰ ਸਰਕਾਰ, ਰਾਜਪਾਲ, ਕੇਂਦਰੀ ਮੰਤਰੀਆਂ, ਵੱਖ-ਵੱਖ ਏਜੰਸੀਆਂ ਨੂੰ ਰਾਜ ਸਰਕਾਰ 'ਤੇ ਹਮਲਿਆਂ ਦੀ ਝੜੀ ਲਗਾਉਣ ਦਾ ਮੌਕਾ ਮਿਲ ਜਾਂਦਾ ਹੈ। ਕੇਂਦਰੀ ਟਰਾਂਸਪੋਰਟ ਮੰਤਰੀ ਸ਼੍ਰੀ ਨਿਤਿਨ ਗਡਕਰੀ ਅਤੇ ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਕੇਂਦਰੀ ਵਿਕਾਸ ਕਾਰਜਾਂ ਨੂੰ ਲੈ ਕੇ ਲਿਆਂਦੇ ਪ੍ਰਸ਼ਾਸਨਿਕ ਭੂਚਾਲ ਨੇ ਪੰਜਾਬ ਸਰਕਾਰ ਅਤੇ ਪੰਜਾਬੀਆਂ ਦੀਆਂ ਚਿੰਤਾਵਾਂ ਵਿੱਚ ਘੋਰ ਵਾਧਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰਤੀਕਰਮ ਵਿੱਚ ਲਿਖਿਆ ਕੇਂਦਰ ਨੂੰ ਪੱਤਰ ਵੀ ਇਸ ਭੂਚਾਲ ਨੂੰ ਸੰਭਾਲਣ ਵਿੱਚ ਅਸਫਲ ਨਜ਼ਰ ਆਇਆ ਹੈ।

ਰਾਜਪਾਲ ਟਕਰਾਅ ਵੱਲ: ਸਾਬਕਾ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਨੇ ਜਦੋਂ ਰਾਜ ਸਰਕਾਰ ਨਾਲ ਟਕਰਾਅ ਦਾ ਰਾਹ ਚੁਣਿਆ ਤਾਂ ਗੱਲ ਸੁਪਰੀਮ ਕੋਰਟ ਤਕ ਪੁੱਜੀ। ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਕਿ ਰਾਜਪਾਲ ਦੀ ਪਦਵੀ ਸੰਵਿਧਾਨਿਕ ਮੁਖੀ ਵਾਲੀ ਹੈ। ਉਹ ਲਛਮਣ ਰੇਖਾ ਪਾਰ ਨਾ ਕਰਨ। ਮੁੱਖ ਮੰਤਰੀ ਨੂੰ ਵੀ ਤੰਬੀਹ ਕੀਤੀ ਕਿ ਜੇ ਰਾਜਪਾਲ ਕੋਈ ਜਾਣਕਾਰੀ ਹਾਸਿਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਅਦਬ ਸਹਿਤ ਮੁਹਈਆ ਕਰਵਾਈ ਜਾਏ।

ਉਨ੍ਹਾਂ ਦੀ ਥਾਂ ਅਸਾਮ ਤੋਂ ਬਦਲ ਕੇ ਨਿਯੁਕਤ ਕੀਤੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਆਉਂਦੇ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਸੀ ਸਹਿਯੋਗ ਦਾ ਸੁਹਿਰਦ ਭਰਿਆ ਹੱਥ ਵਧਾਇਆ। ਪਰ ਸ਼ਾਇਦ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਨਿਯੁਕਤੀ ਹੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਨਿੱਤ-ਪ੍ਰਤੀ ਕੰਮਾਂ ਵਿੱਚ ਦਿੱਲੀ ਦੇ ਉਪ ਰਾਜਪਾਲ ਜਾਂ ਕੇਰਲ, ਪੱਛਮੀ ਬੰਗਾਲ, ਤਾਮਿਲਨਾਡੂ ਸਮੇਤ ਗੈਰ-ਭਾਜਪਾਈ ਸਰਕਾਰਾਂ ਵਾਲੇ ਰਾਜਾਂ ਵਿੱਚ ਨਿਯੁਕਤੀ ਦਬੰਗ ਰਾਜਪਾਲਾਂ ਵਾਂਗ ਅੜਿੱਕੇ ਪੈਦਾ ਕਰਨ ਲਈ ਕੀਤੀ ਹੈ। ਰਾਜਪਾਲ ਆਪਣੇ ਅਹੁਦੇ ਦੀ ਸੰਵਿਧਾਨਿਕ ਸਥਿਤੀ ਤੋਂ ਭਲੀਭਾਂਤ ਜਾਣੂ ਹਨ ਕਿਉਂਕਿ ਉਹ 10 ਸਾਲ ਰਾਜਸਥਾਨ ਅੰਦਰ ਭਾਜਪਾ ਸਰਕਾਰਾਂ ਵੇਲੇ ਗ੍ਰਹਿ ਮੰਤਰੀ ਰਹੇ ਹਨ।

ਲੇਕਿਨ ਦੇਸ਼ ਦੇ ਫੈਡਰਲ ਢਾਂਚੇ ਨੂੰ ਕਮਜ਼ੋਰ ਹੀ ਨਹੀਂ ਬਲਕਿ ਨੇਸਤੇਨਾਬੂਦ ਕਰਨ ਦੇ ਇਰਾਦੇ ਨਾਲ ਪਿਛਲੇ ਦਿਨੀਂ ਦਿੱਲੀ ਵਿਖੇ ਰਾਜਪਾਲਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਿਰਦੇਸ਼ ਦਿੱਤੇ ਕਿ ਉਹ ਕੇਂਦਰੀ ਯੋਜਨਾਵਾਂ ਅਤੇ ਵਿਕਾਸ ਕਾਰਜਾਂ ਦੀ ਰਾਜ ਅੰਦਰ ਨਿਗਰਾਨੀ ਕਰਨ। ਇਹ ਸਰਾਸਰ ਗੈਰ ਸੰਵਿਧਾਨਿਕ ਨਿਰਦੇਸ਼ ਹੈ। ਪੰਜਾਬ ਦੇ ਰਾਜਪਾਲ ਨੇ ਪਹਿਲਾਂ ਚੀਫ ਸੈਕਟਰੀ ਅਤੇ ਪ੍ਰਮੁੱਖ ਸਕੱਤਰਾਂ ਅਤੇ ਫਿਰ ਪ੍ਰਸ਼ਾਸਨਿਕ ਸਕੱਤਰਾਂ ਨਾਲ ਮੀਟਿੰਗਾਂ ਕੀਤੀਆਂ। ਅਜਿਹਾ ਪੰਜਾਬ ਵਿੱਚ ਕਦੇ ਪਹਿਲਾਂ ਨਹੀਂ ਹੋਇਆ। ਸਾਬਕਾ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਸਰਹੱਦੀ ਜ਼ਿਲ੍ਹਿਆਂ ਦੇ ਦੌਰੇ ਸਮੇਂ ਮੁੱਖ ਅਤੇ ਡੀ.ਜੀ.ਪੀ. ਨੂੰ ਨਾਲ ਲਿਜਾਂਦੇ ਰਹੇ ਹਨ। ਪਰ ਅਜਿਹੀਆਂ ਮੀਟਿੰਗਾਂ ਉਨ੍ਹਾਂ ਨੇ ਵੀ ਨਹੀਂ ਬੁਲਾਈਆਂ ਸਨ ਕਿਉਂਕਿ ਸੰਵਿਧਾਨ ਇਜਾਜ਼ਤ ਨਹੀਂ ਦਿੰਦਾ। ਰਾਜਪਾਲ ਨੂੰ ਮੁੱਖ ਮੰਤਰੀ ਅਤੇ ਮੁੱਖ ਸਕੱਤਰ ਰਾਹੀਂ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ, ਪਰ ਨਿਰਦੇਸ਼ ਦੇਣ ਦਾ ਨਹੀਂ। ਭਗਵੰਤ ਮਾਨ ਤੋਂ ਪਹਿਲਾਂ ਕਿਸੇ ਮੁੱਖ ਮੰਤਰੀ ਦੇ ਕਾਰਜਕਾਲ ਵਿੱਚ ਕਿਸੇ ਰਾਜਪਾਲ ਨੇ ਸੰਵਿਧਾਨਿਕ ਲੱਛਮਣ ਰੇਖਾ ਨਹੀਂ ਸੀ ਉਲੰਘੀ। ਬਲਕਿ ਪਾਣੀਆਂ ਦੀਆਂ ਸੰਧੀਆਂ ਖਤਮ ਕਰਨ ਵਾਲਾ ਬਿੱਲ 12 ਜੁਲਾਈ, 2004 ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਸੈਂਬਲੀ ਵਿੱਚ ਪਾਸ ਕਰਾ ਕੇ, ਵਿਰੋਧੀ ਧਿਰ ਦੇ ਆਗੂ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਨਾਲ ਲੈ ਕੇ ਰਾਜਪਾਲ ਭਵਨ ਵਿੱਚ ਜਾ ਕੇ ਉਸੇ ਵਕਤ ਮਨਜ਼ੂਰ ਕਰਾ ਲਿਆ ਸੀ।

ਭਗਵੰਤ ਮਾਨ ਕੁਰਸੀ ਦੀ ਅਹਿਮੀਅਤ ਬਾਰੇ ਐਲਨ ਮਸਕ ਦੀ ਕਹਾਣੀ ਸੁਣਾਉਂਦੇ ਹਨ। ਅੱਜ ਇਹ ਕਹਾਣੀ ਆਪਣੇ 'ਤੇ ਲਾਗੂ ਕਰਕੇ ਰਾਜਪਾਲ ਨੂੰ ਲੋਕਾਂ ਵੱਲੋਂ ਹੂੰਝਾ ਫੇਰੂ ਫ਼ਤਵੇ ਰਾਹੀਂ ਚੁਣੇ ਮੁੱਖ ਮੰਤਰੀ ਦੀ ਕੁਰਸੀ ਦੀ ਸੰਵਿਧਾਨਿਕ ਅਹਿਮੀਅਤ ਵਿਖਾਉਣ ਦੀ ਲੋੜ ਹੈ। ਦੇਸ਼ ਅੰਦਰ ਫੈਡਰਲ ਢਾਂਚੇ ਅਤੇ ਰਾਜਾਂ ਦੇ ਅਧਿਕਾਰਾਂ ਦੀ ਰਾਖੀ ਲਈ ਸਾਰੇ ਗੈਰ-ਭਾਜਪਾਈ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਨਾਲ ਲੈ ਕੇ ਸੰਘਰਸ਼ ਵਿੱਢਣ ਦੀ ਲੋੜ ਹੈ। ਉਨ੍ਹਾਂ ਨੂੰ ਇਹ ਸੁਨੇਹਾ ਪੂਰੇ ਰਾਸ਼ਟਰ ਨੂੰ ਸਪਸ਼ਟ ਦੇਣ ਦੀ ਲੋੜ ਹੈ ਕਿ ਜੋ ਪੁਜ਼ੀਸ਼ਨ ਰਾਸ਼ਟਰ ਪੱਧਰ 'ਤੇ ਪ੍ਰਧਾਨ ਮੰਤਰੀ ਦੀ ਹੁੰਦੀ ਹੈ, ਉਹੀ ਰਾਜ ਪੱਧਰ 'ਤੇ ਮੁੱਖ ਮੰਤਰੀ ਦੀ ਹੁੰਦੀ ਹੈ।

ਸਿਸੋਧੀਆ ਹਮਲਾ: ਕਰੀਬ 17 ਮਹੀਨੇ ਸ਼ਰਾਬ ਘੋਟਾਲੇ ਵਿੱਚ ਜੇਲ੍ਹ ਕੱਟਣ ਤੋਂ ਬਾਅਦ ਜਦੋਂ ਦਿੱਲੀ ਦੇ ਉਪ ਮੁੱਖ ਮੰਤਰੀ ਤਿਹਾੜ ਜੇਲ੍ਹ ਤੋਂ ਬਾਹਰ ਆਏ ਤਾਂ ਉਨ੍ਹਾਂ ਨੇ ਰਾਜਪਾਲ ਦੇ ਬਸਤੀਵਾਦੀ ਵਿਰਸੇ ਵਾਲੇ ਅਹੁਦੇ ਨੂੰ ਭਾਰਤੀ ਲੋਕਤੰਤਰੀ ਵਿਵਸਥਾ 'ਤੇ ਥੋਪਣ ਨੂੰ ਲੈ ਕੇ ਤਾਬੜ ਹਮਲਿਆਂ ਦੀ ਝੜੀ ਲਗਾਈ। ਇਸ ਨੂੰ ਫੈਡਰਲ ਡੈਮੋਕਰੇਸੀ 'ਤੇ ਸਿੱਧਾ ਹਮਲਾ, ਰਾਜ ਸਰਕਾਰਾਂ ਅਸਥਿਰ ਕਰਨ, ਕੰਮ ਕਾਜ ਵਿੱਚ ਅੜਿੱਕੇ ਪਾਉਣ ਵਾਲਾ ਬੇਲੋੜਾ ਅਹੁਦਾ ਕਰਾਰ ਦਿੰਦੇ ਹੋਏ ਖਤਮ ਕਰਨ ਦੀ ਅਵਾਜ਼ ਬੁਲੰਦ ਕੀਤੀ। ਡਿਕਟੇਟਰਾਨਾ ਬਿਰਤੀ ਵਾਲੀ ਅਜੋਕੀ ਕੇਂਦਰ ਸਰਕਾਰ ਜਾਣ ਬੁੱਝ ਕੇ ਅੜਿੱਕੇਬਾਜ਼, ਦਬੰਗ, ਬਾਹੂਬਲੀ ਰਾਜਨੀਤੀਵਾਨ ਗੈਰ ਭਾਜਪਾਈ ਸ਼ਾਸਤ ਰਾਜਾਂ ਵਿੱਚ ਨਿਯੁਕਤ ਕਰ ਰਹੀ ਹੈ। ਜੇ ਇਸ ਅਹੁਦੇ ਦਾ ਬਦਨਾਮ ਇਤਿਹਾਸ ਫਰੋਲਿਆ ਜਾਵੇ ਤਾਂ ਇਸਦੀ ਸ਼ੁਰੂਆਤ ਲਈ ਕਾਂਗਰਸ ਪਾਰਟੀ ਦੀ ਅਗਵਾਈ ਵਾਲੀਆਂ ਕੇਂਦਰ ਸਰਕਾਰਾਂ ਨੇ ਅਤਿ ਏਕਾਧਿਕਾਰਵਾਦੀ ਬੇਸ਼ਰਮੀ ਨਾਲ ਕੀਤੀ ਸੀ। ਜੇ ਰਾਜਪਾਲ ਨੂੰ ਪੰਜਾਬ ਵਿੱਚ ਅਹਿਮ ਰੋਲ ਅਦਾ ਕਰਨ ਦਾ ਚਾਅ ਹੈ ਤਾਂ ਚੰਡੀਗੜ੍ਹ, ਜਿਸਦਾ ਉਹ ਪ੍ਰਸ਼ਾਸਕ ਨਿਯੁਕਤ ਹੈ, ਨੂੰ ਪੰਜਾਬ ਦੀ ਰਾਜਧਾਨੀ ਵਜੋਂ ਤਬਦੀਲ ਕਰਨ ਦਾ ਇਤਿਹਾਸਕ ਰੋਲ ਨਿਭਾਵੇ। ਪੰਜਾਬ ਦੇ ਪਾਣੀਆਂ ਦੀ ਰਾਖੀ ਦਾ ਜ਼ਾਮਨ ਬਣੇ, ਕੇਂਦਰ ਵੱਲੋਂ ਪੰਜਾਬ ਦਾ ਦੱਬਿਆ ਰਾਸ਼ਟਰੀ ਸਿਹਤ ਮਿਸ਼ਨ, ਆਰ ਡੀ ਐੱਫ, ਸਰਬ ਸਿੱਖਿਆ ਅਭਿਯਾਨ ਸੰਬੰਧੀ 8000 ਕਰੋੜ ਤੋਂ ਵੱਧ ਫੰਡ ਜਾਰੀ ਕਰਾਉਣ ਲਈ ਤੁਰੰਤ ਕੇਸ ਪ੍ਰਸਤੁਤ ਕਰੇ। ਕੇਂਦਰ ਸਰਕਾਰ ਦੇ ਪ੍ਰਾਜੈਕਟਾਂ ਦੀ ਪੂਰਤੀ ਲਈ ਮੁੱਖ ਮੰਤਰੀ ਨਾਲ ਤਾਲਮੇਲ ਕਰੇ। ਕਿਸਾਨੀ ਦੇ ਮਸਲੇ ਹੱਲ ਕਰਨ ਲਈ ਕੇਂਦਰ ਸਰਕਾਰ ਨਾਲ ਕਿਸਾਨ ਯੂਨੀਅਨਾਂ ਦੀ ਗੱਲਬਾਤ ਲਈ ਸੁਖਾਵਾਂ ਮਾਹੌਲ ਬਣਾਵੇ।

ਅਮਨ-ਕਾਨੂੰਨ: ਪੰਜਾਬ ਇੱਕ ਅਤਿ ਸੰਵੇਦਨਸ਼ੀਲ ਸਰਹੱਦੀ ਰਾਜ ਹੈ, ਜਿਸਦੀ ਕਰੀਬ 553 ਕਿਲੋਮੀਟਰ ਸਰਹੱਦ ਪਾਕਿਸਤਾਨ ਨਾਲ ਲਗਦੀ ਹੈ। ਇਸ ਸਮੇਂ ਪੰਜਾਬ ਅੰਦਰ ਅਮਨ-ਕਾਨੂੰਨ ਪ੍ਰਸ਼ਨ ਨੂੰ ਲੈ ਕੇ ਕੇਂਦਰ ਅਤੇ ਰਾਜ ਸਰਕਾਰ ਦੇ ਨਜ਼ਰੀਏ ਵਿੱਚ ਬਹੁਤ ਜ਼ਿਆਦਾ ਫ਼ਰਕ ਹੈ। ਕੇਂਦਰ ਸਰਕਾਰ ਅਤੇ ਕੇਂਦਰ ਏਜੰਸੀਆਂ ਅਨੁਸਾਰ ਰਾਜ ਵਿੱਚ ਗੈਰ ਕਾਨੂੰਨੀ ਮਾਈਨਿੰਗ, ਨਸ਼ੀਲੇ ਪਦਾਰਥਾਂ ਦੀ ਘਰ-ਘਰ ਤਕ ਵਿਕਰੀ, ਓਵਰਡੋਜ਼ ਮੌਤਾਂ, ਗੈਂਗਸਟਰਵਾਦ, ਫਿਰੌਤੀਆਂ, ਅਰਾਜਕਤਾ ਜਾਰੀ ਹਨ। ਫਿਰੌਤੀਆਂ, ਸਾੜ ਕੇ ਮਾਰਨ, ਕਤਲ ਕਰਨ ਦੀਆਂ ਧਮਕੀਆਂ ਕਰਕੇ ਕੇਂਦਰੀ ਵਿਕਾਸ ਪ੍ਰਾਜੈਕਟ ਅਤੇ ਹਾਈਵੇਅ ਉਸਾਰੀ ਰੁਕੀ ਹੋਈ ਹੈ, ਜਿਸ ਕਰਕੇ ਕੁਝ ਪ੍ਰਾਜੈਕਟ ਵਾਪਸ ਲੈਣ ਦੀ ਨੌਬਤ ਆਈ ਪਈ ਹੈ। ਲੇਕਿਨ ਮੁੱਖ ਮੰਤਰੀ ਅਜਿਹੀ ਵਿਸਫੋਟਕ ਸਥਿਤੀ ਤੋਂ ਸਾਫ ਇਨਕਾਰ ਕਰਦੇ ਹਨ। ਲੇਕਿਨ ਲੱਖ ਸੌਨ ਟਕੇ ਦਾ ਸਵਾਲ ਇਹ ਹੈ ਕਿ ਫਿਰ ਮੁੱਖ ਮੰਤਰੀ ਨੂੰ ਅਜ਼ਾਦੀ ਦਿਵਸ 'ਤੇ ਬੁਲੇਟ ਪਰੂਫ ਸ਼ੀਸ਼ੇ, ਬਖਤਰਬੰਦ ਸੁਰੱਖਿਆ ਦੀ ਲੋੜ ਕਿਉਂ ਪਈ ? ਚੰਡੀਗੜ੍ਹ ਰਿਹਾਇਸ਼ ਦਾ ਰਸਤਾ ਬੰਦ ਕਰਨ ਦੀ ਕੀ ਲੋੜ ਪਈ ? ਮੁੱਖ ਮੰਤਰੀ ਜੀ, ਹੁਣ ਤਕ ਦੇ ਸਭ ਪੰਜਾਬ ਦੇ ਮੁੱਖ ਮੰਤਰੀਆਂ ਨਾਲੋਂ ਭਾਰੀ ਭਰਕਮ ਸੁਰੱਖਿਆ ਕਿਉਂ ਰੱਖੀ ਬੈਠੇ ਹੋ, ਜੇ ਅਮਨ-ਕਾਨੂੰਨ ਦੀ ਸਥਿਤੀ ਸੁਖਾਵੀਂ ਹੈ ? ਆਮ ਆਦਮੀ ਤੁਹਾਨੂੰ ਮਿਲ ਨਹੀਂ ਸਕਦਾ। ਪਿਛਲੇ ਦਿਨੀਂ ਦੀਨਾਨਗਰ ਮਹਾਰਾਜਾ ਰਣਜੀਤ ਸਿੰਘ ਦੀ ਗਰਮੀਆਂ ਦੀ ਰਾਜਧਾਨੀ ਵਜੋਂ ਜਾਣੇ ਜਾਂਦੇ ਕਸਬੇ ਵਿਖੇ ਫਲਾਈਓਵਰ ਪੁਲ ਦਾ ਉਦਘਾਟਨ ਕਰਨ ਗਏ, ਜੋ ਪ੍ਰਾਜੈਕਟ ਸਥਾਨਿਕ ਕਾਂਗਰਸ ਵਿਧਾਇਕਾ ਅਰੁਣਾ ਚੌਧਰੀ ਨੇ ਵੱਡੇ ਯਤਨਾਂ ਨਾਲ ਲਿਆਂਦਾ ਸੀ, ਤੁਸਾਂ ਉਸ ਨੂੰ ਤਾਂ ਇਸ ਮੌਕੇ ਕੀ ਬੁਲਾਉਣਾ ਸੀ, ਆਮ ਦੀਨਾ ਨਗਰੀਆ ਨੇੜੇ ਨਹੀਂ ਫੱਟਕਣ ਦਿੱਤਾ। ਇਹ ਉਹ ਸਥਾਨ ਹੈ ਜਿੱਥੇ ਮਹਾਰਾਜਾ ਦੀਨਾਨਗਰੀਆ ਨਾਲ ਬੈਠ ਕੇ ਅੰਬ ਚੂਪਦਾ, ਸਵੇਰੇ ਟਹਿਲ ਕਦਮੀ ਜਾਂ ਘੋੜ ਸਵਾਰੀ ਕਰਦਾ ਆਮ ਲੋਕਾਂ ਦੇ ਘਰਾਂ, ਖੇਤਾਂ-ਖਲਿਆਣਾਂ ਵਿੱਚ ਜਾ ਵੜਦਾ ਸੀ।

ਜੇਕਰ ਰਾਜ ਵਿੱਚ ਨਿੱਤ ਪ੍ਰਤੀ ਪ੍ਰਸ਼ਾਸਨ ਚਲਾਉਣ, ਕੇਂਦਰੀ ਵਿਕਾਸ ਕਾਰਜਾਂ, ਆਪਮੁਹਾਰੇ ਸਰਹੱਦੀ ਜਾਂ ਹੋਰ ਸੰਵੇਦਨਸ਼ੀਲ ਥਾਵਾਂ ਦੇ ਦੌਰਿਆਂ ਵੇਲੇ ਰਾਜਪਾਲ ਅਤੇ ਮੁੱਖ ਮੰਤਰੀ ਵਿਚਾਲੇ ਟਕਰਾਅ ਵਧਦਾ ਹੈ ਤਾਂ ਰਾਜ ਦਾ ਅਮਨ-ਕਾਨੂੰਨ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ।

ਕਮਜ਼ੋਰ ਸਥਿਤੀ : ਮਰੀ ਮੁਰਗੀ ਅਤੇ ਬੱਕਰੀ ਦਾ ਹੜ੍ਹਾਂ ਵੇਲੇ ਕੀਤਾ ਵਾਅਦਾ ਗੱਪ ਬਣ ਕੇ ਰਹਿ ਗਿਆ। ਕਿਸਾਨਾਂ ਦੇ ਮਸਲੇ ਹੱਲ ਕਰਨ ਲਈ ਮਾਨ ਸਰਕਾਰ ਨਾਕਾਮ ਰਹੀ। ਬੇਰੋਜ਼ਗਾਰੀ ਅਤੇ ਬ੍ਰੇਨ ਡਰੇਨ ਵਿੱਚ ਲਗਾਤਾਰ ਵਾਧਾ ਜਾਰੀ ਰਿਹਾ। ਉਦਯੋਗ ਆਉਣੇ ਤਾਂ ਕੀ ਸਨ, ਰਹਿੰਦੇ ਵੀ ਭੱਜਣ ਲਈ ਤਿਆਰ ਹਨ। ਭ੍ਰਿਸ਼ਟਾਚਾਰ ਬੇਰੋਕ-ਟੋਕ ਜਾਰੀ ਹੈ। ਸਭ ਵਿਧਾਇਕ ਭ੍ਰਿਸ਼ਟਾਚਾਰ ਦੀ ਵਹਿੰਦੀ ਗੰਗਾ ਵਿੱਚ ਚੁੱਭੀਆਂ ਮਾਰ ਰਹੇ ਹਨ। ਨਿਯੁਕਤੀਆਂ-ਬਦਲੀਆਂ ਵਿੱਚ ਹੱਥ ਰੰਗ ਰਹੇ ਹਨ, ਲੋਕਾਂ ਨਾਲੋਂ ਟੁੱਟ ਚੁੱਕੇ ਹਨ। ਪ੍ਰਮਾਣ 13 ਲੋਕ ਸਭਾ ਵਿੱਚੋਂ ਤਿੰਨ ਦੀ ਹੀ ਜਿੱਤ ਸਾਹਮਣੇ ਹੈ। ਹੁਣ ਉਪ ਚੋਣਾਂ ਜਿੱਤ ਕੇ ਨਹੀਂ ਸਰਨਾ। ਮੁੱਖ ਮੰਤਰੀ ਕਹਿੰਦੇ ਸੀ ਸੀਤਲ ਅੰਗੁਰਾਲ ਨੇ ਭਾਜਪਾ ਵਿੱਚ ਜਾ ਕੇ ਉਪ ਚੋਣ ਥੋਪੀ ਹੈ, ਹੁਣ ਬੰਗਾ ਤੋਂ ਅਕਾਲੀ ਵਿਧਾਇਕ ਡਾ. ਸੁੱਖੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਕੇ ਕੀ ਉਪ ਚੋਣ ਲੋਕਾਂ 'ਤੇ ਨਹੀਂ ਥੋਪੀ ? ਕੇਂਦਰ ਸਰਕਾਰ ਸਮਝਦੀ ਹੈ ਕਿ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਪੰਜਾਬ ਵਿੱਚ ਕਮਜ਼ੋਰ ਸਥਿਤੀ ਵਿੱਚ ਘਿਰ ਚੁੱਕੇ ਹਨ। ਉਹ ਇਨ੍ਹਾਂ ਨੂੰ ਰਾਜਨੀਤਕ, ਆਰਥਿਕ, ਧਾਰਮਿਕ ਮਸਲਿਆਂ ਨੂੰ ਲੈ ਕੇ ਮਸਲ ਦੇਣਾ ਚਾਹੁੰਦੀ ਹੈ। ਅਰਵਿੰਦ ਕੇਜਰੀਵਾਲ ਦੇ ਜੇਲ੍ਹ ਵਿੱਚ ਹੋਣ ਨਾਲ ਪਾਰਟੀ ਬੇਕਾਬੂ, ਦਿਸ਼ਾਹੀਣ ਅਤੇ ਕਮਜ਼ੋਰ ਹੋ ਰਹੀ ਹੈ। ਰਾਜ ਵਿੱਚ ਤਿਲ ਭਰ ਵੀ ਆਰਥਿਕ, ਰਾਜਨੀਤਕ, ਪ੍ਰਸ਼ਾਸਨਿਕ, ਸਮਾਜਿਕ ਸਥਿਤੀ ਵਿੱਚ ਬਦਲਾਅ ਨਾ ਹੋਣ ਕਰਕੇ ਪੰਜਾਬੀ ਬੁਰੀ ਤਰ੍ਹਾਂ ਬੇਚੈਨ ਹਨ। ਕਾਂਗਰਸ ਤਮਾਸ਼ਾਈ ਬਣੀ ਬੈਠੀ ਹੈ।

ਅਸਹਿਯੋਗ : ਸ਼ੁਰੂ ਤੋਂ ਅਫਸਰਸ਼ਾਹੀ ਅਤੇ ਵਿਧਾਇਕਾਂ ਦੇ ਅਸਹਿਯੋਗ, ਮੀਡੀਆ ਕੁਪ੍ਰਬੰਧ ਕਰਕੇ ਸਰਕਾਰ ਵਧੀਆ ਢੰਗ ਨਾਲ ਨਹੀਂ ਚੱਲ ਸਕੀ। ਮੀਡੀਆ ਹੀ ਅਸਲ ਸੀਸ਼ਾ ਵਿਖਾਉਦਾ ਹੈ, ਜੋ ਮਾਨ ਸਰਕਾਰ ਨੇ ਵੇਖਣਾ ਨਹੀਂ ਚਾਹਿਆ। ਆਪਣੇ ਸਹਿਯੋਗੀਆਂ ਦੇ ਪਰ ਕਟਦੇ ਰਹੇ, ਇੱਕ ਭਰੋਸੇਯੋਗ ਕੈਬਨਿਟ ਟੀਮ ਖੜ੍ਹੀ ਨਹੀਂ ਕਰ ਸਕੇ। ਵਧੀਆ ਸਰਕਾਰ, ਵਧੀਆ ਕੈਬਨਿਟ ਅਤੇ ਪ੍ਰਸ਼ਾਸਨਿਕ ਟੀਮ 'ਤੇ ਨਿਰਭਰ ਕਰਦੀ ਹੈ। ਰਾਜ ਵਿੱਚ ਢਾਈ ਸਾਲ ਬਾਅਦ ਵੀ ਰੈਗੂਲਰ ਪੁਲਿਸ ਮੁਖੀ ਨਹੀਂ ਹੈ।

ਆਰਥਿਕ ਕੁਪ੍ਰਬੰਧ: ਕੇਂਦਰ ਸਰਕਾਰ ਦੇ ਅਸਹਿਯੋਗ, ਪੰਜਾਬ ਨੂੰ ਕੋਈ ਆਰਥਿਕ ਪੈਕੇਜ ਨਾ ਦੇਣਾ, ਵਾਹਗਾ ਵਪਾਰ ਲਾਂਘਾ ਬੰਦ ਰੱਖਣਾ, ਸਰਕਾਰ ਵੱਲੋਂ ਲਗਾਤਾਰ ਕਰਜ਼ਾ (80000 ਕਰੋੜ) ਲੈ ਕੇ ਡੰਗ ਟਪਾਉਣਾ, ਰਿਉੜੀ ਵੰਡ 'ਤੇ ਰੋਕ ਨਾ ਲਾਉਣ ਕਰਕੇ ਪੰਜਾਬ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੈ। ਪੰਥਕ ਟਕਰਾਅ, ਬੇਅਦਬੀ ਬੇਇਨਸਾਫੀ, ਰੈਡੀਕਲ ਸ਼ਕਤੀਆਂ ਦਾ ਉਭਾਰ ਵੀ ਮਾਨ ਸਰਕਾਰ ਦੇ ਗਲੇ ਦੀ ਹੱਡੀ ਬਣ ਸਕਦਾ ਹੈ। ਕੁੱਲ ਮਿਲਾ ਕੇ ਪੰਜਾਬ ਦੀ ਸਥਿਤੀ ਵਿਸਫੋਟਿਕ ਰੂਪ ਧਾਰਨ ਕਰੀ ਬੈਠੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੇ ਸਹਿਯੋਗ ਬਗੈਰ ਇਸਦਾ ਹੱਲ ਸੰਭਵ ਨਹੀਂ, ਜੋ ਕਿੱਧਰੇ ਨਜ਼ਰ ਨਹੀਂ ਆ ਰਿਹਾ।



# ਸਿੱਖ ਧਰਮ ਵਿਚ ਇਬਾਦਤ ਤੋਂ ਸ਼ਹਾਦਤ ਤੱਕ ਦਾ ਸਫ਼ਰ



ਪ੍ਰਭਜੋਤ ਕੌਰ (ਰਿਸਰਚ ਸਕਾਲਰ)
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਮੋਬਾਇਲ ਨੰਬ: 97819-25418

ਇਬਾਦਤ ਦੇ ਨਾਲ ਹੀ ਸ਼ਹਾਦਤ ਤੱਕ ਦਾ ਰਸਤਾ ਤੈਅ ਹੁੰਦਾ ਹੈ। ਇਬਾਦਤ ਦੇ ਅਰਥ ਹਨ ਭਜਨ, ਬੰਦਗੀ, ਪ੍ਰਭੂ ਦੇ ਨਾਮ ਦਾ ਜਾਪ ਕਰਨਾ। ਉਸ ਕਾਦਰ ਪਰਮਾਤਮਾ ਦਾ ਨਾਮ ਸਿਮਰਨਾ ਹੀ ਸੱਚੀ ਇਬਾਦਤ ਹੈ। ਇਬਾਦਤ ਕਰਨ ਨਾਲ ਧੀਰਜ ਤੇ ਨਿਡਰਤਾ ਵਰਗੇ ਗੁਣ ਹਿਰਦੇ ਵਿਚ ਜਨਮ ਲੈਂਦੇ ਹਨ। ਸਾਧਾਰਨ ਮਨੁੱਖ ਸੰਸਾਰ ਦੀ ਸੁੰਦਰਤਾ ਤੇ ਸੁਆਦਾਂ ਵਿਚ ਲੀਨ ਰਹਿੰਦਾ ਹੈ ਪਰ ਇਬਾਦਤ ਕਰਨ ਵਾਲੇ ਮਨੁੱਖ ਉਸ ਪਰਮਾਤਮਾ ਦੀ ਭਗਤੀ ਕਰਦੇ ਹਨ। ਉਹ ਆਪਣੀਆਂ ਇੱਛਾਂਵਾਂ ਨੂੰ ਪਰਮਾਤਮਾ ਦੇ ਹੁਕਮ ਅਨੁਸਾਰ ਢਾਲ ਲੈਂਦੇ ਹਨ। ਇਬਾਦਤ ਕਰਨਾ ਉਸ ਕਾਦਰ ਨੂੰ ਪਾਉਣ ਦਾ ਇਕ ਸਫ਼ਲ ਸਾਧਨ ਹੈ। ਆਮ ਦੇਖਣ ਵਿਚ ਆਉਂਦਾ ਹੈ ਕਿ ਸਿੱਖ ਕੌਮ ਵਿਚ ਅਤੇ ਹੋਰ ਅਨੇਕਾਂ ਕੌਮਾਂ ਵਿਚ ਸ਼ਹੀਦ ਹੋਏ ਹਨ ਪਰ ਸ਼ਹੀਦ ਹੋਣ ਵਾਸਤੇ ਕਠਿਨ ਘਾਲਣਾ ਦੀ ਲੋੜ ਹੁੰਦੀ ਹੈ ਕਿਉਂਕਿ ਉਸ ਨਿਰਭਉ ਪਰਮਾਤਮਾ ਦਾ ਨਾਮ ਜਪ ਕੇ ਹੀ ਸਾਰੇ ਡਰ ਭੈਅ ਖ਼ਤਮ ਕਰਕੇ ਸ਼ਹੀਦੀ ਦੇ ਯੋਗ ਬਣਿਆ ਜਾ ਸਕਦਾ ਹੈ। ਇਸ ਸੰਬੰਧੀ ਗੁਰਬਾਣੀ ਵਿਚ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

ਨਿਰਭਉ ਜਪੈ
ਸਗਲ ਭਉ ਮਿਟੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 293)

ਆਪਣੇ ਆਪ ਨੂੰ ਰੱਬੀ ਰਾਹ 'ਤੇ ਚਲਾਉਣਾ ਅਤੇ ਉਸ ਦੇ ਸਿਧਾਂਤਾਂ ਦੀ ਪਾਲਣਾ ਕਰਦਿਆਂ ਕੁਰਬਾਨ ਹੋ ਜਾਣਾ ਇਹ ਸਭ ਇਬਾਦਤ ਦੀ ਕਰਾਮਾਤ ਹੀ ਹੈ। ਇਬਾਦਤ ਹੀ ਪਰਮਾਤਮਾ ਦੇ ਸੱਚੇ ਭਗਤਾਂ ਵਿਚ ਸਹਿਣਸ਼ੀਲਤਾ ਤੇ ਸੰਜਮ ਵਰਗੇ ਗੁਣ ਪੈਦਾ ਕਰਦੀ ਹੈ। ਗੁਰਬਾਣੀ ਅਨੁਸਾਰ ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦੇ ਨਾਮ ਦਾ ਰੰਗ ਚੜ੍ਹਿਆ ਹੈ, ਉਹੀ ਅਸਲੀ ਸੂਰਮਾ ਹੈ। ਜਦੋਂ ਵੀ ਧਰਮ ਅਤੇ ਮਜ਼ਲੂਮਾਂ 'ਤੇ ਕੋਈ ਮੁਸੀਬਤ ਬਣਦੀ ਹੈ ਤਾਂ ਇਬਾਦਤ ਕਰਨ ਵਾਲੇ ਹੀ ਧਰਮ ਤੇ ਨਿਆਂ ਦੀ ਰੱਖਿਆ ਵਾਸਤੇ ਸ਼ਹਾਦਤ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਭਗਤੀ ਲਈ ਸੰਪੂਰਨ ਸਮਰਪਣ ਦੀ ਮੰਗ ਕੀਤੀ ਹੈ। ਸੰਪੂਰਨ ਸਮਰਪਣ ਦੇ ਨਾਲ ਹੀ ਪਰਉਪਕਾਰ, ਦਇਆ, ਸਰਬ-ਸਾਂਝੀਵਾਲਤਾ ਤੇ ਧਰਮ ਦੀ ਖ਼ਾਤਿਰ ਮਰ ਮਿਟਣ ਦੇ ਸਦਾਚਾਰਕ ਗੁਣ ਪੈਦਾ ਹੁੰਦੇ ਹਨ। ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1412)

ਇਤਿਹਾਸ ਗਵਾਹ ਹੈ ਕਿ ਹਰ ਮਹਾਨ ਧਰਮ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ, ਉਨ੍ਹਾਂ ਕੁਰਬਾਨੀਆਂ ਨਾਲ ਜਿਹੜੀਆਂ ਕਿ ਆਪੋ ਆਪਣੇ ਧਰਮ ਨੂੰ ਮੰਨਣ ਵਾਲਿਆਂ ਨੇ ਆਪਣੀ ਕੌਮ ਦੀ ਮਾਣ-ਮਰਿਯਾਦਾ ਦੀ ਸੰਭਾਲ ਕਰਨ ਲਈ ਦਿੱਤੀਆਂ। ਇੰਨ੍ਹਾਂ ਕੁਰਬਾਨੀਆਂ ਵਿਚੋਂ ਉੱਤਮ ਸ਼ਹਾਦਤ ਹੈ, ਜਿਹੜੀ ਕਿ ਆਪਣੀ ਜਿੰਦ ਨੂੰ ਮੌਤ ਤੋਂ ਕੁਰਬਾਨ ਕਰ ਦਿੰਦੀ ਹੈ। ਅਜਿਹੀ ਸਵੈ ਕੁਰਬਾਨੀ ਨੂੰ ਸ਼ਹਾਦਤ ਕਰਕੇ ਸਨਮਾਨਿਆ ਜਾਂਦਾ ਹੈ। ਭਾਵੇਂ ਅਰਬੀ ਭਾਸ਼ਾ ਦੇ ਸ਼ਬਦ ਸ਼ਹੀਦ ਅਤੇ ਸ਼ਹਾਦਤ ਦਾ ਮੂਲ ਸੰਬੰਧ ਸਾਮੀ ਪਰੰਪਰਾ (ਯਹੂਦੀ, ਇਸਾਈ, ਇਸਲਾਮ) ਨਾਲ ਹੈ, ਪਰ ਭਾਰਤੀ ਪ੍ਰਸੰਗ ਵਿਚ ਸ਼ਹਾਦਤ ਦੇ ਸੰਕਲਪ ਦੀ ਗਵਾਹੀ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਨੇ ਕਾਇਮ ਕੀਤੀ। ਸ਼ਹਾਦਤ ਦੇ ਸਿਧਾਂਤ ਦਾ ਅਮਲੀ ਜਾਮਾ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪਹਿਨ ਕੇ ਇਸ ਪਰੰਪਰਾ ਨੂੰ ਉੱਤਮ ਅਤੇ ਨਿਆਰਾ ਰੂਪ ਪ੍ਰਦਾਨ ਕੀਤਾ ਅਤੇ ਅਨੇਕਾਂ ਪਿਆਰਿਆਂ, ਸਾਹਿਬਜ਼ਾਦਿਆਂ, ਸਿੰਘਾਂ, ਸਿੰਘਣੀਆਂ ਨੇ ਧਰਮ ਦੀ ਖ਼ਾਤਰ ਆਪਣਾ ਆਪ ਕੁਰਬਾਨ ਕਰਕੇ ਨਵਾਂ ਇਤਿਹਾਸ ਸਿਰਜਿਆ।

ਸਿੱਖੀ ਇਬਾਦਤ ਤੋਂ ਲੈ ਕੇ ਸ਼ਹਾਦਤ ਤੱਕ ਦਾ ਲੰਮਾ ਸਫ਼ਰ ਹੈ। ਇਬਾਦਤ ਜਾਂ ਬੰਦਗੀ ਇਸ ਦੀ ਬੁਨਿਆਦ ਹੈ ਤੇ ਸ਼ਹਾਦਤ ਸਿਖ਼ਰ ਦਾ ਕਲਸ਼। ਗੁਰਬਾਣੀ ਇਹ ਦੱਸਦੀ ਹੈ ਕਿ ਸਿੱਖ ਨੇ ਜਿਉਣਾ ਕਿਵੇਂ ਹੈ ਤੇ ਕੁਰਬਾਨੀ ਉਹ ਸਬਕ ਹੈ ਜੋ ਇਹ ਦੱਸਦੀ ਹੈ ਕਿ ਨਿਰਭਉ ਤੇ ਨਿਰਵੈਰ ਰਹਿ ਕੇ ਮਰਨਾ ਕਿਵੇਂ ਹੈ। ਇਨ੍ਹਾਂ ਦੋਹਾਂ ਦਾ ਸੁਮੇਲ ਨੇ ਹੀ ਸਿੱਖੀ ਤੇ ਸਿੱਖ ਇਤਿਹਾਸ ਨੂੰ ਚਮਤਕਾਰੀ ਤੇ ਵਿਲੱਖਣ ਬਣਾਇਆ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ਼ਹਾਦਤ ਦਾ ਅਰਥ ਗਵਾਹੀ ਅਤੇ ਸਾਖੀ ਭਰਨਾ ਹੈ। ਸੰਸਾਰੀ ਲੋਕ ਹਮੇਸ਼ਾ ਸੱਚ ਦੀ ਗਵਾਹੀ ਭਰਦੇ ਹਨ। ਸ਼ਹੀਦ ਉਹ ਹੈ , ਜੋ ਆਪਣੇ ਵਿਸ਼ਵਾਸ ਲਈ ਸੀਸ ਦੇਵੇ ਪਰ ਆਪਣਾ ਸਿਦਕ ਨਾ ਛੱਡੇ। ਸ਼ਹੀਦ ਉਹ ਹੈ , ਜੋ ਤਸੀਹਿਆਂ ਦੀ ਹਾਲਤ ਵਿਚ ਆਪਣੇ ਕੋਲ ਮੌਕਾ ਹੁੰਦਿਆਂ ਵੀ ਆਪਣੀ ਜਾਨ ਧਰਮ ਲਈ ਕੁਰਬਾਨ ਕਰ ਦੇਵੇ। ਵਿਸ਼ਵਕੋਸ਼ ਵਿਚ 'ਮਾਰਟੀਅਰਜ਼' ਅਰਥ ਦੱਸਦਿਆਂ ਲਿਖਿਆ ਹੈ ਕਿ ਸੰਤ ਹੀ ਸ਼ਹੀਦ ਹੋ ਸਕਦਾ ਹੈ। ਸ਼ਹਾਦਤ ਦੇਣ ਲਈ ਨਿਰਭੈਤਾ ਤੇ ਇਕਾਗਰਤਾ ਦੀ ਬਹੁਤ ਜ਼ਰੂਰਤ ਹੁੰਦੀ ਹੈ। ਫਿਰ ਇਬਾਦਤ ਕਰ ਕੇ ਹੀ ਸ਼ਹਾਦਤ ਦਾ ਜਜ਼ਬਾ ਪੈਦਾ ਹੁੰਦਾ ਹੈ। ਕੇਵਲ ਸੰਤ ਹੀ ਹੈ, ਜੋ ਆਪਣੇ ਆਪ ਨੂੰ ਹਰ ਪਾਸਿਉਂ ਤੋੜ ਕੇ ਇਕ ਪਰਮਾਤਮਾ ਨਾਲ ਜੁੜ ਕੇ ਆਪਣਾ ਆਪ ਕੁਰਬਾਨ ਕਰ ਦਿੰਦਾ ਹੈ। ਸੰਸਾਰ ਵਿਚ ਅਨੇਕਾਂ ਸ਼ਹੀਦ ਹੋਏ ਹਨ ਜਿੰਨ੍ਹਾਂ ਨੇ ਆਪਣੇ ਆਪ 'ਤੇ ਜਿੱਤ ਪ੍ਰਾਪਤ ਕਰ ਕੇ ਸੰਤ ਪਦਵੀ ਧਾਰਨ ਕੀਤੀ। ਸੰਤ ਹਮੇਸ਼ਾ ਉਸ ਪਰਮਾਤਮਾ ਦੀ ਇਬਾਦਤ ਦਾ ਰਾਹ ਚੁਣ ਕੇ ਸ਼ਹਾਦਤ ਪ੍ਰਾਪਤ ਕਰਨਾ ਪਰਵਾਨ ਕਰਦੇ ਹਨ, ਉਹਨਾਂ ਨੂੰ ਆਪਣੇ ਅਸੂਲਾਂ ਨੂੰ ਤਿਆਗਣਾ ਪਰਵਾਨ ਨਹੀਂ । ਕੌਮ ਤੇ ਦੇਸ਼ ਦੇ ਲੋਕਾਂ ਦਾ ਵਿਸ਼ਵਾਸ਼ ਹੈ ਕਿ ਸੰਤਾਂ ਦੀ ਇਬਾਦਤ ਅਤੇ ਸ਼ਹੀਦਾਂ ਦੀ ਸ਼ਹਾਦਤ ਕਦੇ ਵੀ ਵਿਅਰਥ ਨਹੀਂ ਜਾਂਦੀ। ਕਿਸੇ ਦੀ ਸ਼ਹਾਦਤ ਕਿੰਨੀ ਮਹਾਨ ਹੈ ਇਸ ਦਾ ਅਨੁਮਾਨ ਉਸ ਤੋਂ ਬਾਅਦ ਉਸ ਦੀ ਵਿਚਾਰਧਾਰਾ ਤੇ ਅਨੁਯਾਈਆਂ ਦੇ ਹਮਾਇਤੀਆਂ ਦੀ ਗਿਣਤੀ ਤੋਂ ਲਾਇਆ ਜਾਂਦਾ ਹੈ।

ਸਿੱਖ ਧਰਮ ਦੇ ਬਾਨੀਆਂ ਨੇ ਮਨੁੱਖ ਦੇ ਸਮੁੱਚੇ ਜੀਵਨ ਸੰਘਰਸ਼ ਨੂੰ ਤਿੰਨ ਉਦੇਸ਼ਾਂ ਦੁਆਲੇ ਕੇਂਦਰਿਤ ਕੀਤਾ ਹੈ- ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ। ਦਸਾਂ ਨਹੁੰਆਂ ਦੀ ਕਮਾਈ ਕਰਨੀ ਹੈ, ਇਸ ਕਿਰਤ-ਕਮਾਈ ਨੂੰ ਆਪਸੀ ਭਾਈਚਾਰੇ ਵਿਚ ਵੰਡ ਕੇ ਛੱਕਣਾ ਹੈ ਅਤੇ ਇਸ ਤਰ੍ਹਾਂ ਆਪਣੀ ਭੁੱਖ ਨੂੰ ਦੂਰ ਕਰਕੇ ਫਿਰ ਪੂਰੀ ਸੰਤੁਸ਼ਟੀ ਨਾਲ ਉਸ ਪਰਮਾਤਮਾ ਦਾ ਨਾਮ ਜਪਣਾ ਹੈ। ਸਿੱਖ ਧਰਮ ਦਾ ਸਮੁੱਚਾ ਸੰਘਰਸ਼ ਅਤੇ ਇਤਿਹਾਸ ਇਸੇ ਹੀ ਸਿਧਾਂਤ ਦੇ ਦੁਆਲੇ ਘੁੰਮਦਾ ਹੈ। ਇਹ ਵੀ ਦੇਖਣਯੋਗ ਹੈ ਕਿ ਸਿੱਖ ਸੰਘਰਸ਼ ਜਦੋਂ ਤੱਕ ਇਸ ਸਿਧਾਂਤ ਦੇ ਦੁਆਲੇ ਕੇਂਦਰਿਤ ਰਿਹਾ ਹੈ ਤਾਂ ਇਸ ਨੂੰ ਸਫ਼ਲਤਾਵਾਂ ਹੀ ਮਿਲੀਆਂ ਹਨ। ਸਿੱਖ ਸ਼ਹੀਦੀਆਂ ਅਤੇ ਸ਼ਹਾਦਤਾਂ ਇਸੇ ਹੀ ਸੰਘਰਸ਼ ਦੀ ਪੈਦਾਵਾਰ ਹਨ।

ਇਸ ਤਰ੍ਹਾਂ ਦੇ ਸੰਘਰਸ਼ ਦੀ ਤਿਆਰੀ ਲਈ ਹੀ ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਸਮਝਾਇਆ ਸੀ ਕਿ ਜੇਕਰ ਤੈਨੂੰ ਇਸ ਤਰ੍ਹਾਂ ਦੇ ਖੇਲ ਖੇਲ੍ਹਣ ਦਾ ਸ਼ੌਕ ਹੈ ਤਾਂ ਆਪਣੇ ਸਿਰ ਨੂੰ ਵਾਰ ਦੇਣ ਦੇ ਅਹਿਸਾਸ ਨਾਲ ਮੇਰੇ ਕੋਲ ਆ, ਕਿਉਂਕਿ ਜਦੋਂ ਤੂੰ ਇਕ ਵਾਰ ਇਸ ਮਾਰਗ 'ਤੇ ਤੁਰਨ ਦੀ ਸ਼ੁਰੂਆਤ ਕਰ ਦਿੱਤੀ ਤਾਂ ਫਿਰ ਮਰਿਆ ਤਾਂ ਜਾ ਸਕਦਾ ਹੈ ਪਰ ਪਿੱਛੇ ਨਹੀਂ ਮੁੜਿਆ ਜਾ ਸਕਦਾ।

ਸ਼ਹਾਦਤ ਕਦੇ ਵੀ ਵਿਅਰਥ ਨਹੀਂ ਜਾਂਦੀ। ਜੇਕਰ ਸ਼ਹਾਦਤਾਂ ਅਜਾਈਂ ਜਾਂਦੀਆਂ ਹੋਣ ਤਾਂ ਕੋਈ ਸ਼ਹੀਦ ਨਹੀਂ ਹੋਵੇਗਾ। ਹਰ ਕੌਮ 'ਤੇ ਸ਼ਹਾਦਤ ਦਾ ਪ੍ਰਭਾਵ ਪੈਂਦਾ ਹੈ। ਸ਼ਹੀਦ ਦੇ ਡੁੱਲ੍ਹੇ ਖ਼ੂਨ ਵਿਚੋਂ ਸੂਰਮੇਂ ਪੈਦਾ ਹੁੰਦੇ ਹਨ। ਗੁਰੂ ਅਰਜਨ ਸਾਹਿਬ ਜੀ ਨੇ ਆਪਣਾ ਖ਼ੂਨ ਦੇ ਕੇ ਹਜ਼ਾਰਾਂ ਅਤੇ ਲੱਖਾਂ ਦੀ ਗਿਣਤੀ ਵਿਚ ਐਸੇ ਸੂਰਮੇ ਖੜੇ ਕਰ ਦਿੱਤੇ ਸਨ ਜਿੰਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਆਪਣੇ ਹੱਥਾਂ ਵਿਚ ਤਲਵਾਰਾਂ ਚੁੱਕ ਕੇ, ਉਸੇ ਹਕੂਮਤ ਨੂੰ ਜੰਗ ਦੀ ਵੰਗਾਰ ਪਾ ਦਿੱਤੀ ਸੀ, ਜਿਸ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ ਕੀਤਾ ਸੀ। ਜਿਸ ਹਕੂਮਤ ਨੇ ਸੋਚਿਆ ਸੀ ਕਿ ਗੁਰੂ ਅਰਜਨ ਜੀ ਦਾ ਪ੍ਰਚਾਰ ਇਸਲਾਮ ਦੀ ਹਕੂਮਤ ਵਿਚ ਵੀ ਲੋਕਾਂ ਨੂੰ ਇਸਲਾਮ ਤੋਂ ਦੂਰ ਲਿਜਾ ਰਿਹਾ ਹੈ ਅਤੇ ਸਿੱਖ ਬਣਾ ਰਿਹਾ ਹੈ। ਉਹੀ ਹਕੂਮਤ ਦੇਖ ਰਹੀ ਸੀ ਕਿ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਇਸਲਾਮ ਨੂੰ ਪੰਜਾਬ ਦੀ ਧਰਤੀ ਤੇ ਠੱਲ੍ਹ ਪੈ ਗਈ ਸੀ ਅਤੇ ਪੰਜਾਬ ਦੇ ਲੋਕ ਧੜਾ-ਧੜ ਸਿੱਖ ਧਰਮ ਦੇ ਪੈਰੋਕਾਰ ਬਣ ਰਹੇ ਸੀ। ਸ਼ਹੀਦ ਜਿਸ ਕਾਰਜ ਲਈ ਸ਼ਹਾਦਤ ਦੇ ਰਿਹਾ ਹੁੰਦਾ ਹੈ, ਉਹ ਉਸ ਪ੍ਰਤੀ ਪੂਰਨ ਰੂਪ ਵਿਚ ਸਮਰਪਿਤ ਹੁੰਦਾ ਹੈ। ਰਾਜਨੀਤਿਕ ਲਾਭਾਂ ਵਾਸਤੇ ਜ਼ਾਲਮਾਂ ਵੱਲੋਂ ਸਤਾਏ ਲੋਕਾਂ ਦਾ ਕਤਲ ਅਤੇ ਆਪਣੇ ਹਿੱਤ ਜਾਂ ਕੋਈ ਰਾਜਸੀ ਮਕਸਦ ਲਈ ਜੀਵਨ ਦੇਣਾ ਸ਼ਹਾਦਤ ਨਹੀਂ ਕਹਾਉਂਦਾ। ਸ਼ਹੀਦ ਤਾਂ ਉਹ ਹੈ, ਜਿਸ ਨੇ ਆਪਣੀਆਂ ਧਾਰਮਿਕ ਮਾਨਤਾਵਾਂ ਲਈ ਦੁੱਖ ਝੱਲਿਆ ਹੈ। ਸ਼ਹਾਦਤ ਉਹ ਉੱਚਾ ਰੁੱਤਬਾ ਹੈ, ਜੋ ਕਿਸੇ ਵਿਰਲੇ ਇਬਾਬਤ ਕਰਨ ਵਾਲੇ ਸੰਤ ਮਹਾਂਪੁਰਸ਼ ਨੂੰ ਹੀ ਪ੍ਰਾਪਤ ਹੁੰਦਾ ਹੈ। ਸ਼ਹਾਦਤ ਲਈ ਵੱਡੇ ਜਿਗਰੇ ਦੀ ਬਹੁਤ ਲੋੜ ਹੁੰਦੀ ਹੈ, ਜਿਸ ਦੀ ਇਕਾਗਰਤਾ ਉਸ ਪ੍ਰਭੂ ਵਿਚ ਹੋਵੇ ਅਤੇ ਸੰਸਾਰ ਦੇ ਦੁੱਖ-ਸੁੱਖ ਤੋਂ ਉੱਪਰ ਉੱਠ ਚੁੱਕਿਆ ਹੋਵੇ। ਹਰੇਕ ਦੇਸ਼ ਕੌਮ ਦੇ ਸ਼ਹੀਦਾਂ ਦੀ ਗਾਥਾ ਸੁਨਹਿਰੀ ਅੱਖਰਾਂ 'ਚ ਲਿਖੀ ਜਾਂਦੀ ਹੈ। ਸਾਨੂੰ ਆਪਣੇ ਸ਼ਹੀਦਾਂ ਤੇ ਮਹਾਨ ਅਤੇ ਨਾਇਕਾਂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ, ਜਿੰਨ੍ਹਾਂ ਸਦਕਾ ਅਸੀਂ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ। ਕਿਸੇ ਸ਼ਾਇਰ ਨੇ ਬਹੁਤ ਹੀ ਸੁੰਦਰ ਲਿਖਿਆ ਹੈ ਕਿ-

ਸ਼ਹੀਦ ਕੀ ਜੋ ਮੌਤ ਹੈ
ਵੋ ਕੌਮ ਕੀ ਹਯਾਤ (ਜ਼ਿੰਦਗੀ) ਹੈ।